# ਲੋਕਤਾ

ਜੂਨ - 1989

**June - 1989**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

ਮਾਸਿਕ

# ਲੋਕਤਾ

ਜੂਨ JUNE 1989

2nd class Mail Reg. No. 6794

Vol. 13 No. - 7

# The Lokta

Monthly Magazine



## ਕਾਮਾਗਾਟਾ ਮਾਰੂ

ਭਾਰਤੀ ਅਖੰਡਤਾ
ਭਰਾਤਰੀ ਸਦ ਭਾਵਨਾ
ਭਾਰਤੀ ਲੋਕਾਂ ਦੀ ਏਕਤਾ
ਧਰਮ ਨਿਰਪੱਖਤਾ ਅਤੇ ਸਾਮਰਾਜ
ਤੇ ਨਸਲਵਾਦ ਵਿਰੁਧ
ਸੰਘਰਸ਼ ਦਾ
ਚਿੰਨ੍ਹ ਹੈ ।









PUBLISHER
SURINDER SINGH SANGHA

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ

JUNE 1989

VOL. 13 No 7

# The Lokta

P.O.BOX 67534 STN. '0'
VANCOUVER, B.C. V5W 3T9
Monthly Magazine — 2nd Class Mail
Reg. No. 6794

**LOKTA BOARD**

MANAGER
Harkewal S. Dhaliwal 588-4279

**EDITORIAL BOARD**

| | |
|---|---|
| Jit S. Ankhi | 596-6984 |
| Soofi Amarjit | 581-7811 |
| Surinder S. Sangha | 588-5217 |
| Mohinder S. Soomel | 327-6461 |
| Gurnam S. Sanghera | 325-1662 |

**ADVERTISEMENT**
Amarjit Chatha

**LOKTA Representative**

Ranjit S. Sandhu - Williams Lake (398-6111)
Surinder S. Johal - Edmonton (461-6073)
Nirmal S. Dhindsa - Brampton (453-8149)
Rajinder S. Dhaliwal - Winnipeg (633-5229)
Surjit S. Bopanrai - Quesnel (992-3849)
Hakam S. Hans - Prince Rupert (624-3284)
Shavinder S. Basi - Toronto (740-1235)

ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ — 25 ਸੈਂਟ

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ

ਰਾਜ ਸਿੰਘ ਮਾਨ

ਨੂੰ ਮਿਲੋ

● ਲਾਈਫ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ
● ਮਾਰਗੇਜ ਇੰਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ



NORTH AMERICAN LIFE
RRSP

Ph. 943-1526

1507 - 330 Portage Ave. WINNIPEG, MAN. R3C 0C4

■ Personal ■ Children's ■ Group ■ Annuities

Raj Singh Maan Sales Manager
Res. 694-0731
Commissioner for oaths

FULL CATERING SERVICES SINCE 1975
• BEST FOOD
• BEST SERVICE • BEST PRICE
CALL BALWANT RAJA AT
325-5014
6450 MAIN STREET (at 49th., AVE)
VANCOUVER, B.C. CANADA V5W 2V4

ਮੋਤੀ ਮਹੱਲ
Restaurant & SWEETS

moti-mahal
PH. 321-3223

SPECIAL OFFER:
FOR WEDDING SWEETS AND YOUR CATERING NEEDS

## ਸੰਪਾਦਕੀ

# ਮੀਡੀਆ ਦੀ ਆਜ਼ਾਦੀ ਅਤੇ ਬੱਜਟ ਲੀਕ

ਕਨੇਡਾ ਦੀ ਫੈਡਰਲ ਸਰਕਾਰ ਦਾ ਬੱਜਟ 27 ਅਪ੍ਰੈਲ ਨੂੰ ਪੇਸ਼ ਹੋਣ ਤੋਂ ਇੱਕ ਦਿਨ ਪਹਿਲਾਂ, 26 ਅਪ੍ਰੈਲ ਨੂੰ ਹੀ ਬਾਹਰ ਗਲੋਬਲ ਟੈਲੀਵਿਜ਼ਨ ਰੀਪੋਰਟਰ ਡੱਗ ਸਮਾਲ ਅਤੇ ਕੁਝ ਹੋਰਾਂ ਪਾਸ ਪਹੁੰਚ ਗਿਆ। ਹਾ ਹਾ ਕਾਰ ਮੱਚ ਗਈ। ਫਿਰ ਫਾਈਨੈਨਸ ਮੰਤਰੀ ਵਿਲਸਨ ਨੇ ਪਾਰਲੀਮੈਂਟ ਵਿੱਚ ਬੱਜਟ ਪੇਸ਼ ਕਰਨ ਦੀ ਥਾਂ (ਇੱਕ ਦਿਨ ਪਹਿਲਾਂ ਹੀ) ਬਾਹਰ ਮੀਡੀਏ ਵਿੱਚ ਪੇਸ਼ ਕਰ ਦਿੱਤਾ। ਪਹਿਲਾਂ ਤਾਂ ਸਰਕਾਰ ਨੇ ਮੰਨਿਆਂ ਕਿ ਸਿਰਫ ਇੱਕ ਸਮੇਂ ਹੀ ਬਾਹਰ ਪਤਾ ਲੱਗਾ। ਪਰ ਹੁਣ ਇਹ ਭੀ ਮੰਨ ਲਿਆ ਗਿਆ ਹੈ ਕਿ ਇਹ ਲੀਕ ਦੋ ਦਿਨ ਤੋਂ ਭੀ ਪਹਿਲਾਂ ਹੋ ਚੁੱਕੀ ਸੀ ਜਿਵੇਂ ਮਿਊਚਲ ਲਾਈਫ ਬੀਮਾ ਕੰਪਨੀ ਦੇ ਪ੍ਰਧਾਨ ਜੈਕ ਮਾਸਟਰਮੈਨ ਨੇ ਦੱਸਿਆ ਕਿ ਉਸ ਦੀ ਕੰਪਨੀ ਦੇ ਬੰਦਿਆਂ ਪਾਸ ਬੱਜਟ ਦੇ ਪੇਪਰ ਦੋ ਦਿਨ ਤੋਂ ਪਹਿਲਾਂ ਸਨ। ਚਾਹੀਦਾ ਤਾਂ ਇਹ ਸੀ ਕਿ ਵਿਤ ਮੰਤਰੀ ਵਿਲਸਨ ਤੋਂ ਅੰਕਸ਼ਨ ਲਿਆ ਜਾਂਦਾ ਅਤੇ ਟੋਰੀ ਸਰਕਾਰ ਗਲਤੀ ਮੰਨਦੀ ਤੇ ਹੋਰ ਨਵਾਂ ਬੱਜਟ ਬਣਾਉਂਦੀ। ਪਰ ਸਗੋਂ ਬਹਾਨੇਸਾਜੀ ਕਰਨ ਲੱਗੀ ਅਤੇ ਦਸਤਾਵੇਜਾਂ ਦੀ ਚੋਰੀ ਵੱਲ ਗੱਲ ਮੋੜੀ। ਇਹ ਸਭ ਅਸਲੀਅਤ ਉਪਰ ਪਰਦਾ ਪੋਸ਼ੀ ਦੀ ਗੱਲ ਹੈ।

ਹੁਣ ਪੰਜ ਬੰਦਿਆਂ ਉਪਰ ਕੇਸ ਕੀਤਾ ਹੈ ਅਤੇ ਗਲੋਬਲ ਟੈਲੀਵਿਜ਼ਨ ਦੇ ਰੀਪੋਰਟਰ ਡੱਗ ਸਮਾਲ ਉਪਰ ਚੋਰੀ ਦੀਆਂ ਦਸਤਾਵੇਜਾਂ ਹੋਣ ਦਾ ਦੋਸ਼ ਲਾਇਆ ਹੈ। ਅਸਲ ਵਿੱਚ ਟੋਰੀ ਸਰਕਾਰ ਦੀਆਂ ਆਪਣੀਆਂ ਲੋਕ ਵਿਰੋਧੀ ਕਾਰਵਾਈਆ ਅਤੇ ਧਨੀਆਂ ਹਿਤੂ ਨੀਤੀਆਂ ਉਪਰ ਪਰਦਾ ਪਾਉਣ ਦੀ ਗੱਲ ਹੈ। ਬੀਮਾ ਕੰਪਨੀ ਦਾ ਪ੍ਰਧਾਨ ਆਪ ਆਖ ਰਿਹਾ ਹੈ ਕਿ ਉਸ ਦੇ ਕਰਮਚਾਰੀਆਂ ਪਾਸ ਪਹਿਲਾਂ ਹੀ ਬੱਜਟ ਦੀ ਜਾਣਕਾਰੀ ਤੇ ਦਸਤਾਵੇਜ ਸੀ। ਫਿਰ ਉਹਨਾਂ ਉਪਰ ਐਕਸ਼ਨ ਕਿਉਂ ਨਹੀਂ ? ਉਸ ਲੀਕ ਤੋਂ ਕੋਈ ਲਾਪ ਹੋਇਆ ਤੇ ਕਿਸ ਨੂੰ ਅਤੇ ਕਿੰਨਾ ? ਇਸ ਬਾਰੇ ਪੜਤਾਲ ਕਿਉਂ ਨਹੀਂ ? ਧਨੀਆਂ ਹਿਤੂ ਸਰਕਾਰ ਓਨੀ ਕੁ ਆਜ਼ਾਦੀ ਦੇਣਾ ਚਾਹੁੰਦੀ ਹੈ ਜਿਸ ਨਾਲ ਉਸ ਜਮਾਤ ਦੇ ਹਿਤੂ ਪਲਦੇ ਰਹਿਣ। ਕੀ ਉਸ ਬੱਜਟ ਲੀਕ ਨਾਲ (ਜੋ ਇੱਕ ਥਾਂ ਦੋ ਬਾਰੀ) ਕਿਸੇ ਨੂੰ ਲਾਭ ਨਹੀਂ ਹੋਇਆ ?

ਪਰ ਇਸ ਸਭ ਨੂੰ ਟਾਲਣ ਲਈ ਮੀਡੀਆ ਰਿਪੋਰਟਰ ਉਪਰ ਚੋਰੀ ਦੇ ਦਸਤਾਵੇਜ਼ ਲੈਣ ਦਾ ਦੋਸ਼ ਠੋਕ ਕੇ ਪ੍ਰਸਾਰ ਸਾਧਨ ਨੂੰ ਕਮਜ਼ੋਰ ਕਰਲ ਅਤੇ ਕੰਟਰੋਲ ਕਰਨ ਦੀ ਕੋਸ਼ਿਸ਼ ਹੈ। ਇਸ ਦਾ ਇਹ ਭੀ ਭਾਵ ਹੋ ਸਕਦਾ ਹੈ ਕਿ ਮੀਡੀਆ ਉਹ ਕੁਝ ਦੇਵੇ, ਜੋ ਸਰਕਾਰ ਤੇ ਸਟੇਟ ਨੂੰ ਭਾਉਂਦਾ ਹੋਵੇ। ਦੁਨੀਆਂ ਦੀਆਂ ਸਰਮਾਹਪਦਾਰੀ ਤੇ ਲੋਕ ਵਿਰੋਧੀ ਹਿਤਾਂ ਨੂੰ ਪਾਲਣ ਵਾਲੀਆਂ ਸਰਕਾਰਾਂ, ਮੀਡੀਆ ਨੂੰ ਕਮਜ਼ੋਰ ਤੇ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ ਜਿਵੇਂ 1988-89 ਵਿੱਚ ਭਾਰਤ ਦੀ ਰਾਜੀਵ ਸਰਕਾਰ, ਬਰਤਾਨੀਆਂ ਦੀ ਟੋਰੀ ਮਾਰਗਰੇਟ ਥੈਚਰ ਅਤੇ ਅਮਰੀਕਾ ਦੀ ਰੇਗਨ ਸਰਕਾਰਾਂ ਨੇ ਕੋਸ਼ਿਸ਼ਾਂ ਕੀਤੀਆਂ। ਪਰ ਲੋਕਾਂ ਨੇ ਇਹ ਹੋਣ ਤੇ ਰੋਕ ਲਾਈ । ਹੁਣ ਕੈਨੇਡਾ ਦੀ ਮਲਰੂਨੀ ਸਰਕਾਰ ਕਰਨ ਲਗੀ ਹੈ।

ਪ੍ਰੈਸ ਦਾ ਕੰਮ ਹੈ ਜਮਹੂਰੀਅਤ ਲਈ ਅਤੇ ਲੋਕ ਹਿਤਾਂ ਲਈ ਜਾਣਕਾਰੀ ਦੇਣਾ ਅਤੇ ਸਰਕਾਰੀ ਕਾਰਵਾਈਆਂ ਉਪਰ ਨਜ਼ਰ ਰੱਖਣਾ। ਇਹ ਭੀ ਠੀਕ ਹੈ ਕਿ ਪ੍ਰੈਸ ਧਨੀਆਂ ਦਾ ਕੰਟਰੋਲ ਹੈ ਅਤੇ ਉਹ ਉਹਨਾਂ ਤੇ ਉਸ ਤਰ੍ਹਾਂ ਦਾ ਰੋਲ ਅਦਾ ਕਰਦੇ ਹਨ ਕਿ ਸਰਮਾਏਦਾਰੀ ਜਾਂ ਲੋਕ ਵਿਰੋਧੀ ਢਾਂਚਾ ਕਾਇਮ ਰਹੇ।

## ਮੀਡੀਆ ਦੀ ਆਜ਼ਾਦੀ

ਅਤੇ ਉਸ ਕਾਇਮ ਰੱਖਣ ਦੇ ਚੌਖਏ ਵਿੱਚ ਸਿਰ-ਕੱਢ ਕਮਜ਼ੋਰੀਆਂ ਤੇ ਗਲਤੀਆਂ ਨੂੰ ਨੰਗਾ ਕਰੇ। ਇਹ ਸਨਸਨੀਖੇਜ ਭੀ ਰਿਪੋਰਟਿੰਗ ਕਰਦਾ ਹੈ। ਪਰ ਫਿਰ ਭੀ ਕੁਝ ਅਸੂਲਾਂ ਦੇ ਆਧਾਰ ਤੇ ਰੀਪੋਰਟਿੰਗ ਕਰਦਾ ਹੈ, ਕਈ ਵਾਰ ਸਟੇਟ ਤੇ ਪ੍ਰੈਸ। ਮੀਡੀਆ ਦਾ ਆਪਸੀ ਵਿਰੋਧ ਭੀ ਹੋ ਜਾਂਦਾ ਹੈ। ਜਿਵੇਂ ਅਮਰੀਕਾ ਵਿੱਚ ਵਾਟਰਗੇਟ, ਇੰਗਲੈਂਡ ਵਿੱਚ ਸਰਕਾਰੀ ਅਫਸਰ ਪੋਂਟਿੰਗ ਵਲੋਂ ਖੁਫੀਆ ਜਾਦਕਾਰੀ ਲੀਕ ਕਰਨਾ ਅਤੇ ਹੁਣ ਕਨੇਡਾ ਦਾ ਬੱਜਟ ਲੀਕ।

ਰਿਪੋਰਟਰ ਡਗ ਸਮਾਲ ਨੇ ਤਾਂ ਦਸਤਾਵੇਜ ਚੋਰੀ ਕੀਤੀ; ਨਾ ਹੀ ਕਿਸੇ ਨੂੰ ਚੋਰੀ ਕਰਨ ਲਈ ਉਕਸਾਇਆ; ਨਾ ਹੀ ਚੋਰੀ ਦੀ ਜਾਦਕਾਰੀ ਆਪ ਮੰਗੀ, ਭਾਵੇਂ ਮੀਡੀਆ ਨੂੰ ਬਿਲਕੁੱਲ ਨਜਾਇਜ਼ ਮਨ ਮਾਨੀ ਦੀ ਖੁਲ੍ਹ ਨਹੀਂ ਚਾਹੀਦੀ। ਸਰਕਾਰ ਅਤੇ ਮੀਡੀਆ ਲੋਕਾਂ ਸਾਹਮਣੇ ਜਵਾਬ ਦੇਹ ਚਾਹੀਦੇ ਹਨ। ਪਰ ਜੇ ਮੀਡੀਆ ਨੂੰ ਇਹ ਖੁਲ੍ਹ ਹੀ ਨਹੀਂ ਹੋਵੇਗੀ ਤਾਂ ਜਵਾਬਦੇਹੀ ਅਤੇ ਜਾਣਕਾਰੀ ਕਿੱਥੋਂ ਮਿਲੇਗੀ। ਇਸ ਦਸਤਾਵੇਜ ਵਿਚਲੀ ਜਾਣਕਾਰੀ ਤਾਂ ਲੀਂਕਾਂ ਲਈ ਜ਼ਰੂਰੀ ਸੀ ਤੇ ਮੀਡੀਆ ਜਾਦਕਾਰੀ ਦੇਣ ਲਈ ਹੈ। ਜਿਵੇਂ ਵਕੀਲ ਤੇ ਵੂਸ ਦੇ ਗਾਹਕ ਵਿਚਕਾਰ ਗੱਲ ਬਾਤ ਨੂੰ ਖੁਫੀਆ ਰੱਖਣ ਦਾ ਹੱਕ ਹੈ, ਇਸੇ ਹੀ ਤਰ੍ਹਾਂ ਰਿਪੋਰਟਰ (ਨੇ ਕਿਸ ਤੋਂ ਜਾਣਕਾਰੀ ਲਈ) ਪਾਸ ਵਿਅਕਤੀ ਤੇ ਸਾਧਨ ਨੂੰ ਖੁਫੀਆ ਰੱਖਣ ਦਾ ਹੱਕ ਹੈ। ਜੇ ਅੱਜ ਇਹ ਗੱਲ ਗਲਤ ਬਣ ਜਾਏ ਕਿ ਜਾਣਕਾਰ ਨੂੰ ਦੇਣਾ ਜੁਰਮ ਹੈ ਤਾਂ ਫਿਰ ਸਰਕਾਰ ਜਾਂ ਉਸ ਦੇ ਕਰਮਚਾਰੀਆਂ ਵਲੋਂ ਕਾਤਲਾਂ,


ASHOKA TRADING CO. LTD.

*6621 MAIN STREET, VANCOUVER B.C.*

**324-7521**

• ਕਢਾਈ ਵਾਲੀਆਂ ਅਤੇ ਸਿਲਕ ਦੀਆਂ ਵਧੀਆ ਸਾੜ੍ਹੀਆਂ ਭਾਰਤ ਤੋਂ ਅਤੇ ਪ੍ਰਿੰਟਿਡ ਅਤੇ ਪਲੇਨ ਸਾੜ੍ਹੀਆਂ ਜਾਪਾਨ ਤੋਂ ਸਿੱਧੀਆਂ ਮੰਗਵਾਈਆਂ ਜਾਂਦੀਆਂ ਹਨ।

**ਕੇਵਲ ਹੋਲ ਸੇਲ ਤੇ ਖ੍ਰੀਦਣ ਲਈ ਫੂਨ ਕਰੋ**

INDIAN SILK SAREES & SUITS
JAPANEEESE SUITS & SAREES
COSTUME JEWELLERY

**WAREHOUSE ADDRESS:**
# 102 - 8185 MAIN ST., VANCOUVER B.C.
**TEL: (604) 321 - 4506**

*WORLD WIDE IMPORTS IN FABRICS, SAREES & JEWELLERY WHOLESALE & RETAIL*

WELL DISPLAYED & MOST DECORATED STORE IN TOWN



ਸਰਕਾਰਾਂ ਉਲਟਾਉਣ, ਸਾਬੋਤਾਜ ਅਤੇ ਅਮਰੀਕਾ ਦੇ ਨੌਰਥ ਵਾਂਗ ਈਰਾਨ ਨੂੰ ਚੋਰੀਂ (ਕਾਨੂੰਨ ਦੇ ਵਿਰੁੱਧ) ਹਥਿਆਰ ਵੇਚ ਕੇ ਨਿਕਰਾਗੂਆਂ ਦੇ ਉਲਟ ਇਨਕਲਾਬੀ, ਕੰਟਰਾਜ ਨੂੰ ਪੈਸੇ ਦੇਣੇ ਆਦਿ ਕਿਵੇਂ ਲੋਕਾਂ ਸਾਹਮਣੇ ਆਵੇਗਾ।। ਇਸ ਨਾਲ ਸਰਕਾਰ ਜੋ ਮਰਜ਼ੀ ਅੰਦਰਖਾਤੇ ਕਰੇਗੀ ਅਤੇ ਲੋਕਾਂ ਨੂੰ ਖਬਰ ਸਾਰ ਭੀ ਨਹੀਂ ਹੋਵੇਗੀ। ਸੋ ਇਹ ਬਹੁਤ ਜ਼ਰੂਰੀ ਹੈ ਮਿ ਮੀਡੀਆ ਦੀ ਆਜ਼ਾਦੀ ਲਈ, ਡੱਕ ਸਮਾਲ ਦੇ ਹੱਕ ਵਿੱਚ ਅਤੇ ਸਰਕਾਰ ਦੇ ਵਿਰੁੱਧ ਆਵਾਜ਼ ਉਠਾਉਣੀ ਜ਼ਰੂਰੀ ਹੈ। ਨਹੀਂ ਤਾਂ ਹੌਲੀ ਹੌਲੀ ਮੀਡੀਆ ਨੂੰ ਮਸਲ ਦਿੱਤਾ ਜਾਵੇਗਾ।

# ਸੋਵੀਅਤ ਦੀ ਹਥਿਆਰ ਘਟਾਉਣ ਦੀ ਪਹਿਲ-ਕਦਮੀ, ਸਾਮਰਾਜੀ ਨੇਟੋ ਵਲੋਂ ਹਾਂ-ਪੱਖੀ ਹੁੰਗਾਰਾ

ਸੋਵੀਅਤ ਯੂਨੀਅਨ ਤਾਂ 1917 ਦੇ ਅਕਤੂਬਰ ਇਨਕਲਾਬ ਤੋਂ ਹੀ ਅਮਨ ਸਹਿਹੋਂਦ ਅਤੇ ਹਥਿਆਰਾਂ ਤੇ ਰੋਕ ਲਈ ਆਖ ਰਿਹਾ ਹੈ ਜਦੋਂ ਕਿ ਸਾਮਰਾਜੀ ਦੇਸ਼ ਅਤੇ ਖਾਸ ਕਰ ਅਮਰੀਕੀ ਸਾਮਰਾਜ ਤਾਂ ਬੜੀ ਤੇਜ਼ੀ ਨਾਲ ਮਾਰੂ ਹਥਿਆਰਾਂ ਦੇ ਢੇਰ ਲਾਉਂਦਾ ਰਿਹਾ ਹੈ। ਸੋਵੀਅਤ ਯੂਨੀਅਨ ਨੂੰ ਆਪਣੀ ਹੋਂਦ ਅਤੇ ਲੋਕ ਹਿਤਾਂ ਲਈ ਅਮਰੀਕੀ ਸਾਮਰਾਜ ਨੂੰ ਨੱਥ ਪਾਉਣ ਲਈ ਜਵਾਬੀ ਤੌਰ ਤੇ ਹਥਿਆਰ ਬਣਾਉਣੇ ਪੈਂਦੇ ਰਹੇ ਹਨ।

ਹੁਣ ਤਾਂ ਇੰਨੇ ਜ਼ਹਿਰੀਲੇ, ਮਾਰੂ ਤੇ ਤੇਜ਼ ਰਫਤਾਰ ਹਥਿਆਰ ਹਨ ਕਿ ਜੇ ਜੰਗ ਲਗ ਜਾਵੇ ਤਾਂ ਸਰਬ-ਨਾਸ਼ ਹੀ ਹੋਵੇਗਾ। ਇਸ ਦੇ ਨਾਲ ਹੀ ਉਹ ਸਾਧਨ ਜੋ ਲੋਕ ਹਿਤਾਂ ਲਈ ਵਰਤੇ ਜਾ ਸਕਦੇ ਹਨ, ਉਹ ਅਜਾਈਂ ਨਸ਼ਟ ਹੋ ਰਹੇ ਹਨ। ਹਥਿਆਰਾਂ ਉਪਰ ਨਸ਼ਟ ਕੀਤੇ ਜਾ ਰਹੇ ਪੈਸੇ ਨੂੰ ਲੋਕ ਭਲਾਈ ਦੇ ਕੰਮਾਂ ਤੇ ਲਾ ਕੇ ਕਾਫੀ ਕੁਝ ਸੰਵਾਰਿਆ ਜਾ ਸਕਦਾ ਹੈ। ਸਗੋਂ ਨਵੀਆਂ ਕਾਢਾਂ ਤੇ ਖੋਜ ਨੂੰ ਲੋਕ ਭਲਾਈ ਤੇ ਜੀਵਨ ਜਾਚ ਲਈ ਅਤੇ ਇਨਸਾਨ ਦੀ ਬਹੁ-ਪੱਖੀ ਉਨਤੀ ਲਈ ਵਰਤਿਆ ਜਾ ਸਕਦਾ ਹੈ।

ਸਾਮਰਾਜੀ ਦੇਸ਼ਾਂ ਨੇ ਸਦਾ ਹੀ ਸੋਵੀਅਤ ਯੂਨੀਅਨ ਅਤੇ ਸਮਾਜਵਾਦੀ ਦੇਸ਼ਾਂ ਨੂੰ ਖਤਮ ਕਰਨ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ ਹਨ। ਪਰ ਪ੍ਰਬੰਧ ਦੀ ਪੱਕਿਆਈ ਅਤੇ ਵਿਗਿਆਨਕ ਫਲਸਫੇ ਦੀ ਸਫਲਤਾ ਨੇ ਸਾਮਰਾਜੀਆਂ ਨੂੰ ਮਜਬੂਰ ਕੀਤਾ ਕਿ ਉਹ ਅਮਨ ਦੀ ਗੱਲ ਕਰਨ ਤੇ ਸੋਵੀਅਤ ਦੀਆਂ ਹਥਿਆਰ ਘਟਾਉਣ ਸਬੰਧੀ ਤਜਵੀਜ਼ਾਂ ਨੂੰ ਮੰਨਣ। ਅੱਜ ਅਮਨ ਅਤੇ ਹਥਿਆਰ ਘਟਾਉਣ ਦੀ ਲਹਿਰ ਜਮਹੂਰੀਅਤ ਦੇਸ਼ਾਂ ਦੀ ਆਜ਼ਾਦੀ, ਸਾਮਰਾਜੀਆਂ ਨੂੰ ਨੱਥ ਪਾਉਣ ਅਤੇ ਮਨੁੱਖਤਾ ਦੀ ਹੋਂਦ ਨਾਲ ਜੁੜੀ ਹੋਈ ਹੈ। ਅਮਨ ਲਈ ਸੰਘਰਸ਼, ਸਾਮਰਾਜੀ ਵਿਰੋਧੀ ਅਤੇ ਲੋਕ ਹਿਤੂ ਸੰਘਰਸ਼ ਹੈ। ਇਸ ਕਰਕੇ ਹੀ ਅਮਰੀਕਾ ਤੇ ਬਤਾਨੀਆਂ ਆਦਿ ਲੱਤਾਂ ਅੜਾਉਂਦੇ ਹਨ। ਪਰ ਦੁਨੀਆਂ ਦੀ ਉਭਰ ਰਹੀ ਆਵਾਜ਼ ਦੇ ਦਬਾਅ ਅਧੀਨ ਸੋਵੀਅਤ ਅਮਨ ਸੁਝਾਵਾਂ ਨੂੰ ਮੰਨਣ ਲਈ ਉਹ ਮਜਬੂਰ ਹਨ।

ਪਿਛਲੇ ਕੁਝ ਸਾਲਾਂ ਤੋਂ ਤਾਂ ਸੋਵੀਅਤ ਵਲੋਂ ਆਪਣੇ ਆਪ ਹੀ (ਬਿਨਾਂ ਸ਼ਰਤ) ਤਜਰਬੇ ਬੰਦ ਕਰਨੇ, ਹਥਿਆਰ ਘਟਾਉਣੇ ਅਤੇ ਫੌਜੀ ਬੱਜਟ ਵਿੱਚ ਕਔਤੀਆਂ ਨੇ ਦੁਨੀਆਂ ਨੂੰ ਸਾਬਤ ਕਰ ਦਿੱਤਾ ਕਿ ਇਹ ਸਿਰਫ ਅਮਰੀਕੀ ਸਾਮਰਾਜ ਤੇ ਉਸ ਦੇ ਸਾਥੀ ਲੁਟੇਰੇ ਹੀ ਅਮਨ ਦੇ ਦੁਸ਼ਮਣ ਹਨ। ਆਖਰ ਰਹਿ ਚੁੱਕਾ ਜੰਗਬਾਜ਼ ਪ੍ਰਧਾਨ ਰੇਗਨ ਭੀ ਹਥਿਆਰ ਘਟਾਉਣ ਅਤੇ ਯੂਰਪ ਵਿੱਚ ਫੌਜ ਘਟਾਉਣ ਦੀ ਸੰਧੀ ਤੇ ਦਸਤਖਤ ਕਰਨ ਲਈ ਮਜ਼ਬੂਰ ਹੋਇਆ। ਹੁਣ ਸਾਮਰਾਜੀ ਫੌਜੀ ਗੱਠ-ਜੋੜ, "ਨੇਟੋ" ਭੀ ਫੌਜ ਤੇ ਹਥਿਆਰ ਘਟਾਉਣ ਦੀ ਗੱਲ ਨੂੰ ਮੰਨਣ ਤੇ ਮਜ਼ਬੂਰਹੋਇਆ, ਇਸ ਗੱਠ-ਜੋੜ ਦੇ ਕੁਝ ਦੇਸ਼, ਜਰਮਨੀ ਆਦਿ, ਭੀ ਸੋਵੀਅਤ ਸੁਝਾਵਾਂ ਨਾਲ ਸਹਿਮਤ ਸਨ। 11 ਮਈ ਨੂੰ ਸੋਵੀਅਤ ਵਲੋਂ ਪ੍ਰਧਾਨ ਬੁਸ਼ (ਅਮਰੀਕਾ) ਅਤੇ ਨੇਟੋ ਵਲੋਂ ਤਜਵੀਜ਼ਾਂ ਦੇ ਦੇ ਕੇ ਹਾਂ-ਪੱਖੀ ਜਵਾਬ ਨੇ "ਨੇਟੋ" ਦੇਸ਼ਾਂ ਨੂੰ ਅਮਨ ਤਜਵੀਜ਼ ਮੰਨਣ ਤੇ ਮਜਬੂਰ ਕਰ ਦਿੱਤਾ। 29 ਮਈ, 1989 ਨੂੰ "ਨੇਟੋ" ਦੀ ਮੀਟਿੰਗ ਵਿੱਚ ਅਮਰੀਕੀ ਪ੍ਰਧਾਨ ਜੌਰਜ ਬੁਸ਼ ਨੇ 1990 ਤੋਂ ੧੯੯੩ ਤੱਕ ਯੂਰਪ ਵਿੱਚ ਫੌਜ ਤੇ ਹਥਿਆਰ ਘਟਾਉਣ ਅਤੇ ਸੋਵੀਅਤ ਤੇ ਅਮਰੀਕਾ ਨੇ ਘਟਾ ਕੇ ਦੋ ਲੱਖ ਪਜੰਤਰ ਹਜ਼ਾਰ (ਇਕੱਲਾ ਇਕੱਲਾ ਦੇਸ਼) ਫੌਜੀ (ਯੂਰਪ) ਵਿੱਚ ਰੱਖੇਗਾ।

ਨਾਲ ਟੈਂਕ, ਬੰਬਾਰ ਜਹਾਜ਼ ਤੇ ਤੋਪਾਂ ਆਦਿ ਭੀ ਘਟਾਏ ਜਾਣਗੇ। ਅਮਰੀਕੀ ਪ੍ਰਧਾਨ ਬੁੱਸ਼ ਵਲੋਂ ਯੂਰਪ ਵਿੱਚ ੨੦ ਫੀ ਸਦੀ ਘਟਾਉਣ ਦੀ ਸਹਿਮਤੀ ਦੀ ਗੱਲ ਭੀ ਆਈ ਹੈ। ਅਸੀਂ ਇਸ ਦਾ ਸੁਆਗਤ ਕਰਦੇ ਹਾਂ। ਸਮਾਜਵਾਦੀ ਵਾਰਸਾਅ ਪੈਕਟ (ਸੱਤ ਸਮਾਜਵਾਦੀ ਦੇਸ਼ਾਂ ਦਾ ਸਾਮਰਾਜ "ਟੇਟੋ" ਗੱਠ-ਜੋੜ ਦੇ ਜਵਾਬ ਵਿੱਚ ਬਣਾਇਆ ਗਿਆ) ਨੇ ਤਾਂ ਪਹਿਲਾਂ ਤੋਂ ਆਖਿਆ ਸੀ ਕਿ ਉਹ ਅਮਨ ਚਾਹੁੰਦੇ ਹਨ।

ਸੋਵੀਅਤ ਯੂਨੀਅਨ ਅਤੇ ਸਮਾਜਵਾਦੀ ਦੇਸ਼ ਤਾਂ ਚਾਹੁੰਦੇ ਹਨ ਕਿ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੰਤ ਤੱਕ ਹਥਿਆਰ ਅਤੇ ਹਥਿਆਰ ਤਜੱਰਬਿਆਂ ਦਾ ਖਾਤਮਾ ਹੋਣਾ ਚਾਹੀਦਾ ਹੈ। ਪਰ ਅਜੇ


ਲੇਕ ਵੀਊ ਰੀਅਲਿਟੀ ਦੇ ਭਰੋਸੇਯੋਗ ਰੀਅਲ ਇਸਟੇਟ

ਕੇ. ਐਸ.(ਕਾਲ) ਬਾਸੀ

L/R

LAKEVIEW REALTY LTD.
7909 Scott Road,
Delta, B.C. V4C 6P6

ਤੁਹਾਡੀ ਹਰ ਪ੍ਰਕਾਰ ਦੀ ਜਾਇਦਾਦ, ਘਰ ਆਦਿ ਖਰੀਦਣ ਵੇਚਣ ਵਿਚ ਸਹਾਇਤਾ ਕਰ ਸਕਦੇ ਹਨ

Bus:
ਫ਼ੋਨ : 590-3231



K.S. (KAL) BASSI

ਅਮਰੀਕੀ ਸਾਮਰਾਜ ਤੇ ਉਸ ਦੇ ਸਾਥੀ ਇਸ ਨਾਲ ਸਹਿਮਤ ਨਹੀਂ ਹੋ ਰਹੇ। ਸੋ ਜਿੱਥੇ ਅਮਨ ਸੰਧੀਆਂ ਨੂੰ ਜੀ ਆਇਆਂ ਆਖਦੇ ਹਾਂ, ਉਥੇ ਨਾਲ ਹੀ ਦੁਨੀਆਂ ਦੇ ਲੋਕਾਂ ਨੂੰ ਅਮਨ ਦੀ ਕਾਇਮੀ ਅਤੇ ਹਥਿਆਰਾਂ ਦੇ ਖਾਤਮੇ ਲਈ ਅਮਰੀਕੀ ਜੰਗਬਾਜ ਦੇ ਵਿਰੁੱਧ ਹਰ ਢੰਗ ਨਾਲ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤਾਂ ਕਿ ਉਸ ਨੂੰ ਸੋਵੀਅਤ ਯੂਨੀਅਨ ਦੀਆਂ ਅਮਨ ਅਤੇ ਹਥਿਆਰਾਂ ਦੀਆਂ ਤਜਵੀਜ਼ਾਂ ਨਾਲ ਸਹਿਮਤ ਹੋਣ ਤੇ ਮਜਬੂਰ ਕੀਤਾ ਜਾਏ।

ਐਡੀਟੋਰੀਅਲ ਬੋਰਡ

# ਸੋਵੀਅਤ-ਚੀਨ ਸਿਖਰ ਸਮੇਲਨ

ਮਈ ਵਿੱਚ ਸੋਵੀਅਤ - ਚੀਨ ਦੇ ਹੋਏ ਸਮੇਲਨ ਨੂੰ ਜੀ - ਆਇਆਂ ਆਖਦੇ ਹਾਂ ਅਤੇ ਦੁਨੀਆਂ ਦਾ ਹਰ ਅਗਾਂਹ - ਵਧੂ, ਲੋਕ ਹਿਤੈਸ਼ੀ ਵਿਅਕਤੀ ਇਸ ਤੇ ਬਹੁਤ ਖੁਸ਼ ਹੈ ਕਿ ਦੋ ਵੱਡੇ ਸਮਾਜਵਾਦੀ ਦੇਸ਼ਾਂ ਵਿਚਕਾਰ ਮੁੜ ਚੰਗੇ ਹਾਲਾਤ ਪੈਦਾ ਹੋਏ ਹਨ। ਇਹ ਬੜੀ ਬਦ-ਕਿਸਮਤੀ ਦੀ ਗੱਲ ਹੈ ਕਿ ਚੀ - ਰੂਸ ਵਿੱਚ ਬੜੇ ਗੰਭੀਰ ਮੱਤ-ਭੇਦ ਹੋ ਗਏ ਅਤੇ ਗੱਲ ਬੜੀ ਗੰਭੀਰ ਸ਼ਕਲ ਧਾਰਨ ਕਰ ਗਈ ਸੀ। ਇਸ ਨਾਲ ਸਮਾਜਵਾਦ, ਆਜ਼ਾਦੀ ਦੀਆਂ ਲਹਿਰਾਂ ਅਤੇ ਹਥਿਆਰ ਘਟਾਉਣ ਆਦਿ ਦੀਆਂ ਲਹਿਰਾਂ ਤੇ ਭੀ ਨਾਂਹ ਪੱਖੀ ਅਸਰ ਪਿਆ। ਮਜ਼ਦੂਰ ਕਿਸਾਨ ਦੁਸ਼ਮਣਾਂ ਨੂੰ ਪ੍ਰਚਾਰ ਕਰਨ ਤੇ ਲੋਕਾਂ ਨੂੰ ਗੁਮਰਾਹ ਕਰਨ ਦਾ ਹਥਿਆਰ ਮਿਲਿਆ ਨਾਲ ਹੀ ਅਮਰੀਕੀ ਸਾਮਰਾਜ ਨੇ ਸੋਵੀਅਤ - ਚੀਨ ਦੇ ਮੱਤ-ਭੇਦ ਨੂੰ ਆਪਦੇ ਹਿਤਾਂ ਲਈ ਵਰਤਣ ਦੀ ਕੋਸ਼ਿਸ਼ ਕੀਤੀ। ਕਈ ਸੋਧਵਾਦੀਆਂ, ਅਤਿ-ਖੱਬੂਆਂ ਨੇ ਭੀ ਇਸ ਨੂੰ ਉਛਾਲਿਆ। ਪਰ ਅਸੀਂ ਇਹ ਲਗਾਤਾਰ ਆਖਦੇ ਰਹੇ ਕਿ ਇਹ ਦੋਵੇਂ ਦੇਸ਼ ਸਮਾਜਵਾਦੀ ਹਨ ਅਤੇ ਮਾਰਕਸਵਾਦੀ ਲੈਨਿਨ ਸਿਧਾਂਤ ਦੇ ਆਧਾਰ ਤੇ ਅਮਨ ਨਾਲ ਬੈਠ ਕੇ ਮੱਤ-ਭੇਦ ਨਜਿੱਠਣੇ ਚਾਹੀਦੇ ਹਨ। ਭਾਰਤੀ ਮਾਰਕਸਵਾਦੀ ਪਾਰਟੀ ਭੀ ਲਗਾਤਾਰ ਇਸ ਤੇ ਜ਼ੋਰ ਦਿੰਦੀ ਰਹੀ।

ਆਖਰ ਹੁਣ ਮਈ, 1989 ਵਿੱਚ ਸੋਵੀਅਤ ਦੇ ਸਾਥੀ ਗੁਰਬਾਚੋਵ ਦੀ ਚੀਨ ਫੇਰੀ ਨੇ ਹਾਲਾਤ ਨਾਰਮਲ ਕਰ ਦਿੱਤੇ ਹਨ। ਇਸ ਨਾਲ ਪਾਰਟੀਆਂ ਅਤੇ ਦੋਹਾਂ ਸਟੇਟਾਂ ਦੇ ਆਪਸ ਸਬੰਧ ਚੰਗੇ ਹੋਏ ਹਨ। ਬਰਾਬਰੀ, ਭਾਰਤਰੀ ਭਾਵ, ਅਮਨ ਸਹਿ-ਹੋਂਦ, ਅੰਦਰੂਨੀ ਦਖਲ-ਅੰਦਾਜ਼ੀ ਨਾ ਕਰਨੀ ਅਤੇ ਇੱਕ ਦੂਜੇ ਦੀ ਸਵੈਧੀਨਤਾ ਦੇ ਆਧਾਰ ਤੇ ਹੋਈ ਗੱਲ ਬਾਤ ਨੇ ਸਿਰਫ ਇਸ ਖਿਤੇ ਵਿੱਚ ਹੀ ਨਹੀਂ ਬਲਕਿ ਸੰਸਾਰ ਵਿਆਪੀ ਅਸਰ ਪਾਉਣਾ ਹੈ। ਅਮਰੀਕੀ ਸਾਮਰਾਜ ਦੀਆਂ ਚਾਲਾਂ ਤੇ ਹੋਰ ਸੱਟ ਵੱਜੇਗੀ ਅਤੇ ਅਮਨ ਤੇ ਆਜ਼ਾਦੀ ਲਹਿਰਾਂ ਨੂੰ ਤਕੜਾਈ ਮਿਲੇਗੀ। ਦੋਹਾਂ ਦੇਸ਼ਾਂ ਨੇ ਕਈ ਪੱਖਾਂ ਤੇ ਸਾਂਝਾ ਬਿਆਨ ਜ਼ਾਰੀ ਕੀਤਾ ਅਤੇ ਸਾਥੀ ਗੁਰਬਾਚੋਵ ਦੀ ਚੀਨ ਫੇਰੀ ਤੇ ਸਾਂਝਾ ਬਿਆਨ ਬੜਾ ਡੂੰਘਾ ਤੇ ਲੰਮਾ ਚੌੜਾ ਦੁਨੀਆਂ ਤੇ ਅਸਰ ਪਾਏਗਾ। ਅਸੀਂ ਦੁਬਾਰਾ ਇਸ ਸਿਖਰ ਸਮੇਲਨ ਤੇ ਸਾਂਝੇ ਬਿਆਨ ਦਾ ਸੁਆਗਤ ਕਰਦੇ ਹਾਂ।

ਐਡੀਟੋਰੀਅਲ ਬੋਰਡ

[illegible]ਡਾਈਆਂ ਕੈਦ ਹੈ, ਅਭੀ ਜ਼ਹਨ ਕੇ ਆਇਨੋਂ ਮੇਂ।
[illegible]ਸ ਕੀ ਆਵਾਜ਼ ਹੈ, ਜੋ ਗਲੀਉਂ ਮੇਂ ਸਦਾ ਦੇਤੀ ਹੈ
ਤੰਗੀਏ ਮਹੌਲ ਮੇਂ, ਜੀਨੇ ਕੀ ਸਦਾ ਦੇਤੀ ਹੈ।
ਆਪਨੇ ਲਫਜੋਂ ਕੋ, ਬਦਲ ਡਾਲੋ ਅਬ ਸ਼ੋਲੋਂ ਮੇਂ
ਰੂਹੇ ਸਫਦਰ ਯੇਹ, ਮਿਨਾਰੋਂ ਪੇ ਅਜਾਂ ਦੇਤੀ ਹੈ।
ਆਪਣੀ ਸਿਆਹੀ ਕੋ, ਬਦਲ ਡਾਲੋ ਰੰਗੇ ਖੂੰ ਮੇਂ
ਧਾਤ ਕਾਗਜ਼ ਪੇ ਨਹੀਂ, ਯੂੰ ਭੀ ਅਯਾਂ ਹੋਤੀ ਹੈ
ਕੁਛ ਤੋ ਅਹਿਤਰਾਮੇ ਅਦਬ, ਸੀਖੋ ਐ ਦੁਨੀਆਂ ਵਾਲੋ
ਯਹ ਤੋਂ ਹਰ ਕੌਮ ਕੀ, ਅਜਮਤ ਕਾ ਨਿਸ਼ਾ ਹੋਤੀ ਹੈ।


**Star Drywall Construction Co. Ltd.**

**P.O.BOX 639**
**SURREY, B.C. V3T 5L9**

- Complete Drywall Service
- Guaranteed Work
- Free Estimates

**Sahib or Nake**
**Ph. (604) 589-4830**

GM Canada

**WHEATON**

**PONTIAC BUICK GMC LTD.**

**Bus: 526-2781 Res: 524-4137**

**325—12th St., New Westminster, B.C.**



**Pager 687- 7711 #7610**



**Kuldip S. Jhand**

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਆਦਿ ਹਨ — ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰ ਕੁਲਦੀਪ ਝੰਡ [illegible] ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

# ਧਿਕਾਰ ਹੈ ਅਤਿਵਾਦੀ ਕਾਤਲਾਂ 'ਤੇ

ਔਰੰਗਜ਼ੇਬ ਅਤੇ ਖੁਮੈਨੀ ਦੇ ਰਾਹ ਚੱਲਣ ਵਾਲੇ ਅਤਿਵਾਦੀ ਖਾਲਿਸਤਾਨੀ ਕਾਤਲ ਗਰੋਹ, ਪੰਜਾਬ ਵਿੱਚ ਬੇਗੁਨਾਹ ਮਾਸੂਮ ਲੋਕਾਂ ਦੇ ਕਤਲ ਜ਼ਾਰੀ ਰੱਖ ਰਹੇ ਹਨ। ਇਹ ਆਪਣੇ ਆਪ ਨੂੰ ਸਿਖ ਕਹਾਉਣ ਦਾ ਦਾਅਵਾ ਕਰਨ ਵਾਲੇ, ਸਿਖ ਧਰਮ ਦੇ ਉਚੇ ਮਨੁੱਖੀ ਅਸੂਲਾਂ ਨੂੰ ਲੋਕਾਂ ਦੀ ਨਿਗਾਹ ਵਿੱਚ ਕਲੰਕਤ ਕਰ ਰਹੇ ਹਨ। ਇਹ ਨਾ ਸਿਖ ਹਨ ਨਾ ਇਹਨਾਂ ਦਾ ਸਿਖੀ ਨਾਲ ਕੋਈ ਵਾਸਤਾ ਹੈ। ਇਹਨਾਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਹਿਤਾਂ ਨਾਲ ਵੀ ਕੋਈ ਉਣਸ ਨਹੀਂ ਹੈ। ਇਹਨਾਂ ਦਾ ਕੰਮ ਸਿਰਫ ਜਲਾਦਾਂ ਵਾਲਾ ਹੈ ਕਿ ਜੋ ਵੀ ਇਹਨਾਂ ਦੇ ਕੀਤੇ ਔਰੰਗਜ਼ੇਬੀ - ਅਮਲ ਉਪਰ ਕਿੰਤੂ ਕਰਦਾ ਹੈ ਉਸ ਨੂੰ ਇਹਨਾਂ ਮੌਤ ਦੇ ਘਾਟ ਉਤਾਰਨ ਦਾ ਭ੍ਰਿਸ਼ਟ ਕਿੱਤਾ ਕਰਨਾ ਹੀ ਹੈ।

ਕੁਝ ਲੋਕ ਪੰਜਾਬ ਵਿੱਚ ਹੋ ਰਹੇ ਬੇਗੁਨਾਹਾਂ ਦੇ ਕਤਲਾਂ ਬਾਰੇ ਕੇਂਦਰ ਨੂੰ ਹੀ ਜ਼ਿੰਮੇਵਾਰ ਠਹਿਰਾ ਕੇ ਅਤਿਵਾਦੀ ਖਾਲਿਸਤਾਨੀਆਂ ਨੂੰ ਬਰੀ ਕਰਦੇ ਹਨ। ਇਹ ਹੀ ਅਤਿਵਾਦੀਆਂ ਦੇ ਸਮੱਰਥਕਾਂ ਦੀ ਕਾਮਯਾਬੀ ਹੈ ਕਿ ਉਹ ਦੋਸ਼ੀ ਹੁੰਦੇ ਹੋਏ, ਨਿਰਦੋਸ਼ ਸਾਬਤ ਹੁੰਦੇ ਹਨ। ਕੇਂਦਰ ਅਤੇ ਉਸ ਦੇ ਅਦਾਰੇ ਮੁੱਖ ਤੌਰ ਤੇ ਇਸ ਇਸ ਲਈ ਜ਼ਿੰਮੇਵਾਰ ਹਨ ਕਿ ਉਹਨਾਂ ਪੰਜਾਬ ਦੀ ਸਮੱਸਿਆ ਨੂੰ ਹੱਲ ਨਾ ਕਰਕੇ, ਅਤਿਵਾਦੀਆਂ ਨੂੰ ਮਨ ਆਈਆਂ ਕਰਨ ਦਾ ਬਹਾਨਾ ਦਿੱਤਾ ਹੈ।

ਪਿਛਲੇ ਦਿਨਾਂ ਵਿੱਚ ਅਤਿਵਾਦੀ ਖਾਲਿਸਤਾਨੀਆਂ ਨੇ ਜੋ ਸਾਮਰਾਜ ਦੇ ਦੁੰਮ ਛੱਲੇ ਹਨ, ਤੇ ਉਹਨਾਂ ਦੇ ਇਸ਼ਾਰਿਆਂ ਉਪਰ ਬੇਗੁਨਾਹ ਲੋਕਾਂ ਦੇ ਨਾਲ, ਹਿੰਦੂ-ਸਿਖ ਦੇ ਭਾਈਚਾਰਕ ਸਬੰਧਾਂ ਨੂੰ ਕਾਇਮ ਰੱਖਣ ਵਾਲੇ ਅਤੇ ਦੇਣ ਦੀ ਏਕਤਾ ਅਖੰਡਤਾ ਲਈ ਖਲੋਣ ਵਾਲੇ ਕਮਿਊਨਿਸਟਾਂ ਅਤੇ ਬੁੱਧੀ ਜੀਵੀਆਂ ਨੂੰ ਨਿਸ਼ਾਨਾ ਬਣਾਇਆ ਹੈ। ਇਹ ਕਤਲਾਂ ਦੇ ਅਤੰਕ ਦੇ ਡਰ ਨਾਲ ਕਮਿਊਨਿਸਟਾਂ ਨੂੰ ਚੁੱਪ ਕਰਵਾਉਣਾ ਚਾਹੁੰਦੇ ਹਨ।

ਫਿਰੋਜ਼ਪੁਰ ਜ਼ਿਲੇ ਦੇ ਕਿਸਾਨ ਸਭਾ ਦੇ ਪ੍ਰਧਾਨ ਕਾ: ਦਲੀਪ ਸਿੰਘ ਕੰਨੀਆਂ ਦੇ ਪਰਿਵਾਰ ਦੇ ਕਤਲੇਆਮ ਨੂੰ ਕਰਨ ਵਾਲੇ ਮੱਸੇ ਰੰਘੜ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹਨ। ਇਸ ਨਾਲ ਇਹਨਾਂ ਦੀ ਹੈਵਾਨੀ ਜ਼ਮੀਰ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਇਹਨਾਂ ਨੇ ਗੁਰ-ਸਿੱਖਾਂ ਵਾਂਗ ਸੂਰਤ ਧਾਰਨ ਕੀਤੀ ਹੋਈ ਹੈ। ਇਹ ਅਸਲ ਵਿੱਚ ਮਲੇਸ਼ ਖਾਲਿਸਾ ਹੀ ਹੈ ਜੋ ਸਿਖੀ ਦੇ ਪਹਿਰਾਵੇ ਵਿੱਚ ਇਨਸਾਨੀਅਤ ਦਾ ਸੱਤਿਆਨਾਸ਼ ਕਰਨ ਤੇ ਤੁੱਲਿਆ ਹੋਇਆ ਹੈ।

ਇਹਨਾਂ ਅੰਮ੍ਰਿਤਸਰ ਜ਼ਿਲੇ ਦੇ ਛੇ ਮਿਹਨਤੀ ਹਰੀਜਨਾਂ ਨੂੰ ਇਕ ਪਿੰਡ ਵਿੱਚ ਖੜ੍ਹੇ ਕਰਕੇ ਏ. ਕੇ. 47 ਗੰਨ ਨਾਲ ਭੁੰਨ ਦਿੱਤਾ। ਕਸੂਰ ਉਹਨਾਂ ਦਾ ਇਹ ਸੀ ਕਿ ਇਹ ਮੀਟ ਵੇਚਦੇ ਹਨ। ਇਹ ਝਟਕੇ ਦਾ ਕੰਮ ਕਰਦੇ ਹਨ। ਇੱਕ ਗਰੀਬ ਝਟਕੇ ਦਾ ਕੰਮ ਕਰਕੇ ਗੁਜ਼ਾਰਾ ਕਰਦਾ ਇਹਨਾਂ ਨੂੰ ਅਪਵਿੱਤਰ ਜਾਪਦਾ ਹੈ। ਇਹਨਾਂ ਬਹੁਰੂਪੀਆਂ ਤੇ ਇਹਨਾਂ ਦੇ ਅੰਨ੍ਹੇ ਸਮੱਰਥਕਾਂ ਤੋਂ ਪੁੱਛੋਂ ਕਿ ਸ੍ਰੀ ਸਦਨਾ ਭਗਤ ਵੀ ਤਾਂ ਇਹੋ ਕੰਮ ਕਰਦਾ ਸੀ, ਉਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਜੇ ਕਰ ਅੱਜ ਸ੍ਰੀ ਸਦਨਾ ਹੁੰਦੇ ਤਾਂ ਉਹਨਾਂ ਨਾਲ ਵੀ ਇਹ ਕੁਝ ਬੀਤਣੀ ਸੀ। ਦੇਖੋ ਇਹਨਾਂ ਦੀ ਗੈਰ-ਮਨੁੱਖੀ ਸਮਝ ਕਿ ਬੱਕਰੇ - ਸੂਰਾਂ ਦਾ ਮੀਟ ਇਹਨਾਂ ਲਈ ਮਨੁੱਖੀ ਜਾਨਾਂ ਨਾਲੋਂ ਵੱਧ ਕੀਮਤੀ ਤੇ ਪਵਿੱਤਰ ਹੈ। ਧਿਕਾਰ ਹੈ ਅਜਿਹੇ ਹੈਵਾਨਾਂ 'ਤੇ ਜੋ ਮਨੁੱਖ ਦਾ ਜਨਮ ਲੈ ਕੇ ਵੀ ਮਨੁੱਖ ਨਹੀਂ ਬਣ ਸਕੇ। (ਸਿਖੀ ਦੀ ਰਹਿਤ ਮਰਯਾਦਾ ਅਨੁਸਾਰ ਝਟਕਾ ਵਿਵਰਜਤ ਨਹੀਂ)

ਪਿਛਲੇ ਦਿਨਾਂ ਵਿੱਚ ਹੀ ਇਹਨਾਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਡਾਕਟਰ ਰਵਿੰਦਰ ਰਵੀ ਨੂੰ ਉਸ ਦੇ ਘਰ ਵਿੱਚ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਹੈ। ਡਾ. ਰਵੀ ਨੇ ਪੰਜਾਬੀ ਬੋਲੀ ਲਈ ਉਸ ਦੇ ਹੱਕਾਂ ਲਈ ਸੰਘਰਸ਼ ਕਰਨ ਦੀ ਬੜੀ ਵੱਡੀ ਘਾਲਣਾ ਘਾਲੀ ਸੀ। ਉਹ ਪੰਜਾਬੀ ਯੂਨੀਵਰਸਿਟੀ ਪਟਿਆਲੇ ਵਿੱਚ ਪੰਜਾਬੀ ਵਿਭਾਗ ਦੇ ਰੀਡਰ ਦੇ ਉਚੇ ਅਹੁਦੇ ਤੇ ਸਨ। ਹਿਹਨਾਂ ਅਕਲ ਦੇ ਅੰਨ੍ਹਿਆਂ ਨੇ ਇਕ ਅਕਲਮੰਦ ਵਿਅਕਤੀ ਨੂੰ ਪੰਜਾਬ ਤੋਂ ਖੋਹ ਲਿਆ ਹੈ। ਡਾ. ਰਵੀ ਇਕ ਨੌਜੁਆਨ ਸਨ, ਜਿਹਨਾਂ ਕਦੀ ਵੀ ਅਤਿਵਾਦੀ ਖਾਲਿਸਤਾਨੀਆਂ ਦੇ ਢੰਗ ਨੂੰ ਪਰਵਾਨ ਨਹੀਂ ਕੀਤਾ ਸੀ। ਉਹ ਪੰਜਾਬੀ ਦੇ ਵਿਕਾਸ ਲਈ ਹਿੰਦੂ-ਸਿਖ ਏਕਤਾ ਦਾ ਅਲੰਬਰਦਾਰ ਸੀ। ਬੇਗੁਨਾਹਾਂ ਦੇ ਕਾਤਲਾਂ ਦਾ ਵਿਰੋਧੀ ਸ੍ਰੀ। ਉਹ ਕੇਂਦਰ ਦੀ ਪੰਜਾਬ ਬਾਰੇ ਨੀਤੀ ਦਾ ਸਖਤ ਵਿਰੋਧੀ ਸੀ। ਉਸ ਨੇ ਅਤਿਵਾਦੀਆਂ ਦੇ ਪਿਛੇ ਬਿਦੇਸ਼ੀ ਸਹਾਇਤਾ ਨੂੰ ਹਮੇਸ਼ਾਂ ਨੰਗਾ ਕੀਤਾ ਸੀ। ਬਿਦੇਸ਼ੀ ਸਹਾਇਤਾ ਜੋ ਕਿ ਸਾਮਰਾਜੀ ਸ਼ਕਤੀਆਂ ਤੇ ਬਿਦੇਸ਼ਾਂ ਵਿੱਚ ਦੇ ਖਾਲਿਸਤਾਨੀ ਸਮੱਰਥਕਾਂ ਤੋਂ ਪ੍ਰਾਪਤ ਹੁੰਦੀ ਹੈ।

ਲੋਕਤਾ ਨੂੰ ਭਰੋਸਾ ਹੈ ਕਿ ਅੰਤਮ ਜਿੱਤ ਲੋਕ ਪੱਖੀ ਸ਼ਕਤੀਆਂ ਦੀ ਹੀ ਹੋਵੇਗੀ। ਇਤਿਹਾਸ ਵਿੱਚ ਕਦੇ ਵੀ ਜਨੂੰਨੀ ਕਾਤਲ ਜਿੱਤ ਨਹੀਂ ਸਕੇ। ਉਹ ਹਮੇਸ਼ਾਂ ਹੀ ਕੂੜੇ ਦੇ ਢੇਰਾਂ ਵਿੱਚ ਹੀ ਰੁਲੇ ਹਨ। ਉਹ ਭਾਵੇਂ ਔਰੰਗਜ਼ੇਬ ਹੋਵੇ ਜਾਂ ਹਿਟਲਰ, ਮੋਸੋਲੀਨੀ ਹੋਵੇ ਜਾਂ ਜ਼ਿਆਉਲ ਹੱਕ ਜਾਂ ਕੋਈ ਹੋਰ।

ਲੋਕਤਾ, ਖਾਲਿਸਤਾਨੀ ਅਤਿਵਾਦੀਆਂ ਦੇ ਗੈਰ-ਮਨੁੱਖੀ ਕਤਲਾਂ ਦੀ ਨੀਤੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ ਅਤੇ ਡਾ. ਰਵੀ, ਕਾ: ਦਲੀਪ ਸਿੰਘ, ਛੇ ਝਟਕਈ ਮਿਹਨਤੀਆਂ ਦੇ ਪਰਿਵਾਰਾਂ ਅਤੇ ਹੋਰਨਾਂ ਪੰਜਾਬੀਆਂ ਦੇ ਕਤਲ ਹੋਏ ਲੋਕਾਂ ਦੇ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਪਰਗਟ ਕਰਦਾ ਹੈ।


ROYAL FURNITURE LTD.
2607 MAIN STREET (at 10th. AVE.) VANCOUVER, B.C
TEL. 874-9525
ROYAL FURNITURE
ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ
ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਬ ਕੀਮਤਾਂ
ਆਓ ਤੇ ਅਜ਼ਮਾ ਕੇ ਦੇਖੋ

PAUL TOOR
● ਲਿਵਿੰਗ ਰੂਮ ● ਡਾਇਨਿੰਗ ਰੂਮ
● ਬੈਡ ਰੂਮ ਅਤੇ
ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ
ਰੌਇਲ ਫਰਨੀਚਰ ਲਿਮ:

# ਕਾਮਾਗਾਟਾ ਮਾਰੂ ਨਸਲਵਾਦ ਅਤੇ ਸਾਮਰਾਜ ਵਿਰੁਧਸੰਘਰਸ਼ ਦਾ ਚਿੰਨ੍ਹ

ਗੁਰਨਾ ਸਿੰਘ ਸੰਘੇੜਾ

ਇਤਿਹਾਸ ਬੀਤੀਆਂ ਘਟਨਾਵਾਂ ਦੀ ਬੇ-ਜਾਨ ਤਸਵੀਰ ਨਹੀਂ ਅਤੇ ਨਾਂ ਹੀ ਸਿਰਫ ਭੂਤ ਬਾਰੇ ਸਾਖੀਆਂ ਸੁਣਾਉਣ ਲਈ ਸੰਕਲਪ ਹਨ। ਪਰੰਤੂ ਇਹ ਤਾਂ ਲੋਕਤਾ ਦੀ ਪ੍ਰਗਤੀ, ਵਿਕਾਸ ਅਤੇ ਉਨਤੀ ਬਾਰੇ ਚੇਤਨਤਾ ਵਧਾਉਣ, ਡੂੰਘੀ ਸਮਝ ਪੈਦਾ ਕਰਨ ਅਤੇ ਅੱਗੇ ਨੂੰ ਸਹੀ ਸੂਝ ਪੈਦਾ ਕਰਕੇ ਸਹੀ ਰਾਹ ਅਪਨਾਉਣ ਲਈ ਸਹਾਈ ਹੁੰਦੀ ਹੈ।

ਸੋ ਭਾਵੇਂ ਆਰੰਭ ਵਿੱਚ ਭਾਈ ਗੁਰਦਿੱਤ ਸਿੰਘ ਅਤੇ ਕਾਮਾਗਾਟਾ ਮਾਰੂ ਦਾ ਆਸ਼ਾ ਵਪਾਰ ਸੀ ਅਤੇ ਸਫਲਤਾ ਪਿਛੋਂ ਭਾਰਤ ਤੋਂ ਕਲੇਡਾ ਅਤੇ ਬ੍ਰਾਜ਼ੀਲ ਨੂੰ ਸਿੱਧੇ ਜਹਾਜ਼ ਚਲਾਉਣ ਦਾ ਆਸ਼ਾ ਰਖਦਾ ਸੀ। ਬਾਬਾ ਗੁਰਦਿੱਤ ਸਿੰਘ ਤੇ ਹੋਰ ਬਹੁਤ ਸਾਰੇ ਮੁਸਾਫਰਾਂ ਨੂੰ ਬਰਤਾਨਵੀ ਸਾਮਰਾਜ ਦੇ ਚਰਿੱਤਰ ਬਾਰੇ ਸਹੀ ਗਿਆਨ ਨਹੀਂ। ਉਹ ਬਰਤਾਨੀਆਂ ਦੇ ਅਖੌਤੀ ਇਨਸਾਫ ਤੇ ਟੇਕ ਰਖਦੇ ਸਨ। ਉਹ ਅਤੇ ਇਥੇ ਦੇ (ਕਨੇਡਾ ਵਿੱਚ ਛਪਦੇ) "ਆਰੀਅਨ" (ਅੰਗਰੇਜ਼ੀ ਵਿੱਚ -ਸੁੰਦਰ ਸਿੰਘ ਦਾ) ਅਤੇ "ਸੰਸਾਰ" ਆਦਿ ਅਖਬਾਰ ਭੀ ਬਰਤਾਨਵੀ ਸਾਮਰਾਜ ਨਾਲ ਵਫਾਦਾਰੀ ਅਤੇ ਕਰਤਾਨਵੀ ਰਈਅਤ (ਪਰਜਾ) ਦੇ ਵਾਸਤੇ ਪਾਉਂਦੇ ਤੇ ਨਹੋਰੇ ਮਾਰਦੇ ਸਨ। ਜਿਵੇਂ ਬਾਬਾ ਗੁਰਦਿੱਤ ਸਿੰਘ ਨੇ ਹਾਂਗਕਾਂਗ ਦੇ ਅ੦ਕਟਿੰਗ ਗਵਰਨਰ ਸੇਵਰਨ ਨੂੰ ਆਖਿਆ ਸੀ, "ਪਰੰਤੂ ਜੇ ਕਦੀ ਸਰਕਾਰ ਕਨੇਡਾ (ਉਤਰਨ ਲਈ) ਨਾ ਮੰਨੇ ਤਾਂ ਸਾਨੂੰ ਕੋਈ ਫਿਕਰ ਨਹੀਂ ਕਿਉਂਕਿ ਅਸੀਂ ਬ੍ਰਾਜ਼ੀਲ - ਦੱਖਣੀ ਅਮਰੀਕਾ ਜਹਾਜ਼ ਲੈ ਜਾਵਾਂਗੇ। ਉਹ ਆਜ਼ਾਦ ਮੁਲਕ ਹੈ ਅਤੇ ਉਹਨਾਂ ਨੂੰ ਆਬਾਦ ਕਰਨ ਦੀ ਲੋੜ ਹੈ। ਉਥੇ ਖੱਟੀ ਭੀ ਕਨੇਡਾ ਨਾਲੋਂ ਘੱਟ ਨਹੀਂ ਅਤੇ ਜਹਾਜ਼ੀ ਤਜਾਰਤ ਲਈ ਬਹੁਤ ਹੀ ਅੱਛਾ ਮੁਲਕ ਹੈ।"

ਪਰ ਅਸੀਂ ਆਦਰਸ਼ਵਾਦੀ ਨਹੀਂ ਅਤੇ ਠੋਸ ਹਾਲਾਤ ਦੇ ਆਧਾਰ ਤੇ ਨਿਰਣਾ ਕਰਦੇ ਹਾਂ। ਕਈ ਵਾਰ ਜ਼ਾਤੀ ਤਜਰਬਾ ਬਹੁਤ ਕੁਝ ਸਿਖਾ ਦਿੰਦਾ ਹੈ ਅਤੇ ਉਸ ਦਾ ਬਹੁਤ ਡੂੰਘਾ ਅਤੇ ਦੂਰ ਦਰਸ਼ੀ ਅਸਰ ਹੁੰਦਾ ਹੈ। ਜਿਵੇਂ ਅਨੁਭਵ-ਵਾਦੀ ਆਖਦੇ ਹਨ ਕਿ ਕਈ ਵਾਰੀ ਇੱਕ ਆਊਂਸ ਤਜਰਬਾ ਤੇ ਅਮਲੀ ਕਰਮ ਇੱਕ ਪੌਂਡ ਸਿਧਾਂਤ ਦੇ ਬਰਾਬਰ ਹੁੰਦਾ ਹੈ। ਵਿਗਿਆਨਕ ਪਦਾਰਥਵਾਦੀ ਲੋਕ ਆਦਰਸ਼ਵਾਦੀ ਨਹੀਂ ਅਤੇ ਅਸੀਂ ਇਹ ਸਮਠਦੇ ਹਾਂ ਕਿ ਬਾਬਾ ਗੁਰਦਿੱਤ ਸਿੰਘ ਅਤੇ ਕਾਮਾਗਾਟਾ ਮਾਰੂ ਦੇ ਯਾਤਰੂਆਂ ਨੇ ਵੈਨਕੂਵਰ ਦੇ ਨਸਲਵਾਦੀ, ਸਾਮਰਾਜੀ ਸਾਜ਼ਸ਼ ਦੇ ਅਤੇ ਭਾਰਤ ਵਿੱਚ ਬਜ ਬਜ ਵਿੱਚ ਕਤਲੇਆਮ ਅਤੇ ਫਿਰ ਲੰਮੀਆਂ ਜੇਲ੍ਹਾਂ, ਯੂਹ ਬੰਦੀਆਂ ਤੋਂ ਠੀਕ ਸਮਝ ਬਣਾਈ। ਸਿੱਟੇ ਵਜੋਂ ਸਮਾਜਿਕ ਤੇ ਸਿਆਸੀ ਚੇਤਨਤਾ ਆਈ, ਸਾਡੇ ਵਿਗਿਆਨਕ ਸਿਧਾਂਤ ਕਿਸੇ ਸੁਧਾਰਕ ਵਲੋਂ ਈਜਾਦ ਕੀਤੇ ਹੋਏ ਖਿਆਲ ਜਾਂ ਫਾਰਮੂਲੇ ਨਹੀਂ। ਬਲਕਿ ਇਤਿਹਾਸਿਕ ਪ੍ਰਸੰਗ ਵਿੱਚ, ਜਮਾਤੀ ਜਦੋਜਹਿਦ ਵਿੱਚੋਂ ਨਿਕਲੇ ਠੋਸ ਰਿਸ਼ਤਿਆਂ ਨੂੰ ਸਧਾਰਨ ਰੂਪ ਵਿੱਚ ਪੇਸ਼ ਕਰਦੇ ਹਨ। ਸਚਾਈ ਲਈ ਇਨਸਾਨੀ ਖੋਜ ਵਿੱਚ ਇਨਸਾਨੀ ਵਲਵਲੇ ਤੇ ਹਾਵ ਭਾਵ ਭੀ ਕੰਮ ਕਰਦੇ ਹਨ।

ਨਾਲ ਹੀ ਇਹ ਗੱਲ ਭੀ ਸਾਫ ਕਰ ਦਿੱਤੀ ਜਾਵੇ ਕਿ 1908 ਦਾ ਪੈਦਾਇਸ਼ੀ ਜਾਂ ਨਾਗਰਿਕਤਾ ਵਾਲੇ ਦੇਸ਼ ਤੋਂ ਸਿਧਾ ਸਫਰ ਅਤੇ ਪਿਛੋਂ 1913 ਵਿੱਚ ਬੀ. ਸੀ. ਦੀ ਸੁਪਰੀਮ ਕੋਰਟ ਦੇ ਜੱਜ ਹੰਟਰ ਵਲੋਂ ਸਿੱਧੇ ਸਫਰ ਦੇ 23 ਸੈਕਸ਼ਨ ਨੂ ਟੈਕਨੀਕਲ ਆਧਾਰ ਤੇ ਰੱਦ ਕਰਨ ਪਿਛੋਂ ਫਿਰ ਸੋਧਿਆ ਗਿਆ ਅਤੇ ਚੋਰ ਮੋਰੀ ਬੰਦ ਕੀਤੀ ਗਈ ਤਾਂ ਇਹ ਸਿੱਧੇ ਸਫਰ ਤੇ ਹਰ ਬੰਦੇ ਕੋਲ ਦੋ ਸੌ ਡਾਲਰ ਹੋਣ ਦੀਆਂ ਸ਼ਰਤਾਂ ਕਿਸੇ ਨਸਲ, ਧਰਮ, ਜ਼ਾਤ ਜਾਂ ਫਿਰਕੇ ਵਿਰੁਧ ਨਹੀਂ **ਬਲਕਿ ਸਾਰੇ ਭਾਰਤੀਆਂ ਵਿਰੁੱਧ ਸੀ**। ਇਸੇ ਹੀ ਤਰ੍ਹਾਂ ਮੁਸਾਫਰ ਮੁਸਾਫਰ ਸਨ ਤੇ ਕਿਸੇ ਧਰਮ, ਜ਼ਾਤ ਜਾਂ ਫਿਰਕੇ ਦੇ ਨਾਮ ਤੇ ਸਫਰ ਕਰਨ ਜਾਂ ਚੈਲਿੰਜ ਕਰਨ ਨਹੀਂ ਆਏ ਸਨ। ਬਾਬਾ ਗੁਰਦਿੱਤ ਸਿੰਘ ਤੇ ਮੁਸਾਫਰਾਂ ਨੇ ਭੀ **ਭਾਰਤੀਆਂ ਅਤੇ ਕਰਤਾਨਵੀ ਪਰਜਾ ਦੇ ਨਾਮ ਤੇ ਦਾਖਲਾ** ਮੰਗਿਆ ਤੇ ਵੰਗਾਰਿਆ। ਕਲੇਡੀਅਨ ਨਸਲਵਾਦੀ ਹਿਮੀਗਰੇਸ਼ਨ ਅਧਿਕਾਰੀਆਂ, ਲੋਕਲ ਤੇ ਕੇਂਦਰੀ ਅਧਿਕਾਰੀਆਂ, ਕੁਝ ਟਰੇਡ ਯੂਨੀਅਨਾਂ ਅਤੇ ਔਰਤਾਂ ਦੀਆਂ ਜਥੇਬੰਦੀਆਂ ਨੇ ਕਾਮਾਗਾਟਾ ਮਾਰੂ ਦੇ ਯਾਤਰੂਆਂ ਦਾ ਭਾਰਤ ਵਾਸੀਆਂ ਦੇ ਦਾਖਲੇ ਦਾ ਵਿਰੋਧ ਕੀਤਾ ਨਾ ਕਿ ਧਰਮ ਦਾ। ਉਹਨਾਂ ਯਾਤਰੂਆਂ ਨੇ ਭੀ **ਭਾਰਤੀਆਂ ਦੇ ਤੌਰ ਤੇ ਟਾਕਰਾ ਕੀਤਾ**। ਅਤੇ ਬਜ ਬਜ ਘਾਟ ਦੇ ਕਤਲਾਂ ਤੇ ਕੈਦਾਂ ਤੋਂ ਪਿਛੋਂ ਉਹਨਾਂ ਵਿੱਚੋਂ ਬਹੁਤ ਭਾਰੀ ਗਿਣਤੀ ਕਮਿਊਨਿਸਟ ਬਣੇ ਅਤੇ ਕਮਿਊਨਿਸਟ ਪਾਰਟੀ ਵਿੱਚ ਕੰਮ ਕਰਦੇ ਰਹੇ ਸੋ ਇਹ ਮਾਣ ਵਾਲੀ ਗੱਲ ਹੈ ਕਿ ਆਰਥਕ ਮੰਦਹਾਲੀ ਨੂੰ ਸੁਧਾਰਨ ਆਏ ਯਾਤਰੂ ਅੰਤ ਵਿੱਚ ਸਾਮਰਾਜ ਵਿਰੋਧੀ ਆਜ਼ਾਦੀ ਲਹਿਰ ਵਿੱਚ ਸਰਗਰਮ ਹੋਏ ਅਤੇ ਮਜ਼ਦੂਰ ਕਿਸਾਨ ਦੀ ਅਸਲੀ ਪਾਰਟੀ ਦੇ ਮੈਂਬਰ ਹੋ ਨਿਬੜੇ, ਜਿਸ ਤੇ ਸਭ ਨੂੰ ਮਾਣ ਹੈ।

ਇਸ ਜਹਾਜ਼ ਨੇ ਇਹ ਭੀ ਗੱਲ ਸਾਹਮਣੇ ਲਿਆਂਦੀ ਕਿ ਕਨੇਡਾ ਅਤੇ ਬਰਤਾਨਵੀ ਸਰਕਾਰ ਕਿਵੇਂ ਰਲੇ ਹੋਏ ਹਨ ਅਤੇ ਭਾਰਤ ਨੂੰ ਅਧੀਨ ਰੱਖਣ ਲਈ, ਉਸ ਦੇ ਨਾਗਰਿਕਾਂ ਨੂੰ ਭਾਰਤ ਤੋਂ ਬਾਹਰ ਜਾਣ ਤੋਂ ਰੋਕਦੇ ਸਨ ਤਾਂ ਕਿ ਉਹਨਾਂ ਨੂੰ ਆਜ਼ਾਦੀ ਤੇ ਜਮਹੂਰੀਅਤ ਆਦਿ ਦੀ ਹਵਾ ਨਾ ਲਗ ਜਾਵੇ। ਇਸ ਹੀ ਕਰਕੇ 1908 ਵਿੱਚ ਹੀ ਕਨੇਡਾ ਦਾ ਮੰਤਰੀ ਮਕੈਨਜ਼ੀ ਕਿੰਗ ਲੰਡਨ ਗਿਆ ਤੇ ਵੂਥੇ ਦੀ ਸਾਮਰਾਜੀ ਸਰਕਾਰ ਨਾਲ ਹਿਮੀਗਰੇਸ਼ਨ ਬਾਰੇ ਨੀਤੀ ਤੈਅ ਕਰਕੇ ਆਇਆ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਭਾਰਤ ਵਿੱਚ ਇਨਕਲਾਬੀ


GM

WESTMINSTER
CHEVROLET OLDSMOBILE

"we run a very simple business"
Telephone (604) 521-7731

1984 ਦੇ ਗਰੈਂਡ ਸੇਲਜ਼ ਮਾਸਟਰ



ਗੁਰਜੀਤ ਢੀਂਡਸਾ ਬਾਵਾ

LOOKING FOR:
A NEW OR USED CAR, VAN OR PICK UP! COME & SEE MR. GURJIT BAWA FOR THE BEST DEAL
ਸਾਡੇ ਕੋਲ ਨਵੀਂਆਂ ਪੁਰਾਣੀਆਂ ਕਾਰਾਂ, ਸਪੋਰਟਸ ਕਾਰਾਂ,.ਪਿੱਕ ਅੱਪ ਆਦਿ ਹਨ। ਆਪਣੀ ਕਾਰ ਵੇਚਣ ਜਾਂ ਖਰੀਦਣ ਤੋਂ ਪਹਿਲਾਂ ਇਕ ਵਾਰੀ
ਗੁਰਜੀਤ ਬਾਵਾ ਨੂੰ ਮਿਲੋ ਜਾਂ
ਫੋਨ ਜ਼ਰੂਰ ਕਰੋ। ਉਹ ਤੁਹਾਨੂੰ ਵਧੀਆ ਕੀਮਤ ਤੇ ਕਾਰ ਦਿਵਾਉਣਗੇ। ਉਹ
ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਵੀ ਕਰਵਾਉਣਗੇ।

BUS. 521-7731, PAGER 687-1985 #5531
12th. STREET AT QUEENS AVE., NEW WESTMINSTER,B.C.



1983 ਤੋਂ 1987 ਤੱਕ ਟੌਪ ਸੇਲ ਮੈਨ ਐਵਾਰਡ ਜੇਤੂ

ਸਰਗਰਮੀਆਂ ਹੋ ਰਹੀਆਂ ਸਨ। ਪੰਜਾਬ ਵਿੱਚ ਅਜੀਤ ਸਿੰਘ ਤੇ ਬੰਕੇ ਦਿਆਲ ਤੋਂ ਲੈ ਕੇ ਬੰਗਾਲ ਵੰਡ, ਮਹਾ ਰਾਸ਼ਟਰ ਤੇ ਹੋਰ ਸੂਬਿਆਂ ਵਿੱਚ ਅੰਗਰੇਜ਼ ਵਿਰੋਧੀ, ਕਰਮ; ਕਾਂਗਰਸ ਵਿੱਚ ਲਾਲ, ਬਾਲ, ਪਾਲ ਦਾ ਦੌਰ ਅਤੇ ਚੀਨ, ਮਲੇਸ਼ੀਆ, ਥਾਈਲੈਂਡ, ਮਨੀਲਾ, ਗਾਏਆਨਾ, ਟਰਿਨੀਡੈਡ ਤੇ ਸੁਮਾਟਰਾ ਆਦਿ ਵਿੱਚ ਗਏ ਭਾਰਤੀ ਭੀ ਅੰਗਰੇਜ਼ੀ ਸਾਮਰਾਜ ਵਿਰੁੱਧ ਕਾਫੀ ਸਰਗਰਮ ਸਨ। ਜਿਵੇਂ ਯੂਰਪ ਵਿੱਚ), ਅਮਰੀਕਾ ਨੇ ਜਾਪਾਨੀਆਂ ਨੂੰ 1905 ਵਿੱਚ ਹੀ ਸਕੂਲਾਂ ਵਿੱਚ ਜੁਦੇ ਕਰਨ ਦਾ ਕਾਨੂੰਨ (ਕੈਲੇਫੋਰਨੀਆਂ) ਅਤੇ 1906 ਤੇ 1913 ਵਿੱਚ ਕੈਲੇਫੋਰਨੀਆਂ ਵਿੱਚ ਬਿਦੇਸ਼ੀਆਂ ਤੇ ਖਾਸ ਕਰ ਏਸ਼ਿਆਈ ਲੋਕਾਂ ਨੂੰ ਜ਼ਮੀਨ ਖਰੀਦਣ ਤੋਂ ਰੋਕਣ ਲਈ ਕਾਨੂੰਨ ਪਾਸ ਕੀਤੇ। ਨਾਲ ਹੀ ਕਲਕੱਤੇ ਤੋਂ ਸੀ. ਆਈ. ਡੀ. ਦੇ ਹੋਪਕਿਨਸਨ (ਜੋ ਕਨੇਡਾ ਇਮੀਗਰੇਸ਼ਨ ਵਿੱਚ ਆ ਵੜਿਆ) ਦਾ ਕੰਮ ਹੀ ਭਾਰਤੀਆਂ ਦੀ ਕਨੇਡਾ ਵਿੱਚ ਇਮੀਗਰੇਸ਼ਨ ਰੋਕਣਾ ਅਤੇ ਕਨੇਡਾ, ਅਮਰੀਕਾ ਵਿੱਚ ਕਾਨੂੰਨੀ ਤੌਰ ਤੇ ਰਹਿੰਦੇ ਭਾਰਤੀਆਂ ਦੀਆਂ ਜਥੇਬੰਦੀਆਂ ਅਤੇ ਵਿਅਕਤੀਆਂ ਦੀਆਂ ਸਿਆਸੀ ਸਰਗਰਮੀਆਂ ਅਤੇ ਵਿਚਾਰਧਾਰਾ ਤੇ ਨਿਗਰਾਨੀ ਰੱਖਣਾ ਸੀ। ਉਹਨਾਂ ਬਾਰੇ ਅੰਗਰੇਜ਼ੀ ਹਾਕਮ ਨੂੰ ਜਾਣੂ ਰੱਖਣਾ ਸੀ। ਨਾਲ ਹੀ ਸੂਹੀਏ ਪੈਦਾ ਕਰਨਾ ਭੀ। ਜਿਵੇਂ ਬੇਲਾ ਸਿੰਘ ਤੇ ਡਾ. ਰਘੂਨਾਥ ਸਿੰਘ ਆਦਿ।

ਬਾਬਾ ਗੁਰਦਿੱਤ ਸਿੰਘ ਨੇ ਇਹ ਭੀ ਦੋਸ਼ ਲਾਇਆ ਹੈ ਕਿ ਉਸ ਪਾਸ ਹਾਪਕਿਨਸਨ ਆਇਆ ਅਤੇ ਜਹਾਜ਼ ਦੀ ਉਪਰਲੀ ਛੱਤ ਤੇ ਲਿਜਾ ਕੇ ਆਖਿਆ ਕਿ ਮੈਨੂੰ ਮਿਸਟਰ ਰੀਡ ਨੇ ਤੇਰੇ ਪਾਸ ਭੇਜਿਆ ਹੈ ਕਿ ਜੇ ਕਰ ਗੁਰਦਿੱਤ ਸਿੰਘ ਸੁਲ੍ਹਾ ਸਫਾਈ ਨਾਲ ਗੱਲ ਕਰੇ ਤਾਂ ਸਫਲ ਹੋ ਸਕਦਾ ਹੈ। ਸੁਲ੍ਹਾ ਸਫਾਈ ਇਹ ਸੀ ਕਿ ਗੁਰਦਿੱਤ ਸਿੰਘ ਹਾਪਕਿਨਸਨ ਨੂੰ ਦੋ ਹਜ਼ਾਰ ਪੌਂਡ ਦੇਵੇ। ਇੱਕ ਹਜ਼ਾਰ ਪੌਂਡ ਪਹਿਲਾਂ ਅਤੇ ਇੱਕ ਹਜ਼ਾਰ ਪੌਂਡ ਸਾਰੇ ਮੁਸਾਫਰ ਉਤਰਨ ਪਿੱਛੋਂ। ਪਰ ਮੁੱਖ ਸ਼ਰਤ ਹਿਹ ਕਿ ਬਾਬਾ ਗੁਰਦਿੱਤ ਸਿੰਘ ਇਹ ਕਸਮ ਖਾਵੇ ਕਿ ਉਹ ਇਸ ਗੱਲ ਬਾਰੇ ਕਿਸੇ ਨੂੰ ਨਹੀਂ ਦੱਸੇਗਾ। ਪਰ ਬਾਬਾ ਗੁਰਦਿੱਤ ਸਿੰਘ ਨੇ ਆਖਿਆ ਕਿ ਉਹ ਦੋ ਹਜ਼ਾਰ ਪੌਂਡ ਬਾਰੇ ਆਪਣੇ ਸਾਥੀ ਮੁਸਾਫਰਾਂ ਨੂੰ ਜ਼ਰੂਰ ਦੱਸੇਗਾ। ਸੋ ਗੱਲ ਟੁੱਟ ਗਈ।

ਅੰਗਰੇਜ਼ੀ ਸਾਮਰਾਜ ਭਾਰਤੀਆਂ ਵਿੱਚ ਏਕਤੀਆਂ ਨਹੀਂ ਚਾਹੁੰਦਾ ਸੀ। ਸੋ ਭਾਰਤ ਦੇ ਅੰਦਰ ਤੇ ਬਾਹਰ ਫੁੱਟ ਪਾਉਣ ਦੇ ਯਤਨਾਂ ਨਾਲ ਲਾਰਡ ਕਰਜ਼ਨ ਨੇ ਹਿੰਦੂ - ਮੁਸਲਮ ਵਿੱਚ ਫਸਾਦਾਂ ਦੇ ਯਤਨ ਕੀਤੇ। ਜਦੋਂ "ਬੰਦੇ ਮਾਤਮ" ਸਾਰੇ ਦੇਸ਼ ਵਿੱਚ ਗਾਇਆ ਜਾਣ ਲੱਗਾ (ਜੋ ਪਿੱਛੋਂ ਗਦਰ ਪਾਰਟੀ ਦੇ "ਗਦਰ" ਹਫਤਾਵਾਰੀ ਅਖ਼ਬਾਰ ਦੇ ਮੁੱਖ ਪੰਨੇ ਉਪਰ ਹੁੰਦਾ ਸੀ ਤਾਂ ਸਰਕਾਰ ਸੱਟ ਪਟਾਈ। 1909 ਦੇ ਮਿੰਟੋ-ਮਾਰਲੇ ਸੁਧਾਰਾਂ ਦੇ ਨਾਮ ਉਪਰ ਭਾਰਤੀ ਨੂੰ ਹਿੰਦੂ - ਮੁਸਲਮ ਦੇ ਫਿਰਕੂ ਆਧਾਰ ਤੇ ਵੰਡਿਆ ਗਿਆ। ਕਾਂਗਰਸ ਪਾਰਟੀ ਨੇ ਇਸ ਗੱਲ ਨੂੰ ਨਾ ਨਿੰਦਿਆ ਅਤੇ ਸਹਿਮਤੀ ਦਿੱਤੀ। ਲਾਗੂ ਕਰਨ ਦੇ ਢੰਗ ਤਰੀਕਿਆਂ ਤੇ ਟਿਪਣੀ ਕੀਤੀ। ਕਾਂਗਰਸ ਨੇ ਮੁੱਢ ਤੋਂ ਹੀ ਫਿਰਕੂ ਆਧਾਰ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਹੈ ਅਤੇ ਅੱਜ ਭੀ ਭਾਰਤੀ ਏਕਤਾ ਨੂੰ ਫਿਰਕੂ ਮੂਲਵਾਦੀਆਂ ਤੇ ਅਤਵਾਦੀਆਂ ਤੋਂ ਖਤਰਾ ਹੈ ਫਿਰ ਭੀ ਕਾਂਗਰਸ ਸਰਕਾਰ ਫਿਰਕਾਪ੍ਰਸਤੀ ਨੂੰ ਆਪਣੇ ਸੌੜੇ ਹਿਤਾਂ ਲਈ ਵਰਤਣ ਦਾ ਯਤਨ ਕਰਦੀ ਹੈ ਜੋ ਬਹੁਤ ਹੀ ਘਾਤਕ ਹੈ। ਜਦੋਂ 1911 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਸੈਸ਼ਨ ਵਿੱਚ ਬਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਨਾਲ ਮਾੜੇ ਸਲੂਕ ਬਾਰੇ ਮਤਾ ਆਇਆ ਤਾਂ ਕਾਂਗਰਸ ਨੇ ਪਾਸ ਨਾ ਕੀਤਾ। ਜਦੋਂ ਜਦੋਂ ਅਮਰੀਕਾ ਕਨੇਡਾ ਵਿੱਚ ਗਦਰੀ ਪਾਰਟੀ ਨੇ 1913-14 ਪੂਰਨ ਆਜ਼ਾਦੀ ਦਾ ਨਾਰ੍ਹਾ ਲਾਇਆ ਤਾਂ ਭਾਰਤ ਕਾਂਗਰਸ ਨੇ ਆਪਣੇ 1914 ਦੇ ਮਦਰਾਸ ਸੈਸ਼ਨ ਵਿੱਚ ਬਰਤਾਨਵੀ ਸਾਮਰਾਜ ਦੀ ਬਿਨਾਂ ਸ਼ਰਤ (ਪਹਿਲੀ ਸੰਸਾਰ ਜੰਗ ਵਿੱਚ) ਮੱਦਦ ਦਾ ਫੈਸਲਾ ਕੀਤਾ। ਭਾਰਤੀ ਲਈ ਅਪੀਲਾਂ ਕੀਤੀਆਂ ਅਤੇ ਗਾਂਧੀ ਜੀ ਨੇ ਆਪਦੇ ਆਪ ਨੂੰ ਭਰਤੀ ਲਈ ਪੇਸ਼ ਕੀਤਾ। ਭਰਤੀ

ਇਸ ਤੋਂ ਪਹਿਲਾਂ ਅਪਰੈਲ 1908 ਵਿੱਚ ਰਾਮ ਬੋਸ ਅਤੇ ਪਰਫੁੱਲ ਚੰਦ ਚਾਕੀ ਨੇ ਮੁਜੱਫਰਪੁਰ ਵਿੱਚ ਜੱਜ ਦੀ ਗੱਡੀ ਤੇ ਬੰਬ ਸੁੱਟਿਆ। 1912 ਵਿੱਚ ਬਸੰਤ ਮਾਰੂ ਬਿਵਾਸ ਨੇ ਲਾਰਡ ਹਾਰਡਿੰਗ ਤੇ ਬੰਬ ਸੁੱਟਿਆ। ਕਨੇਡਾ ਵਿੱਚ ਗੁਰੂ ਦੱਤ ਕੁਮਾਰ ਨੇ "ਸਵਦੇਸ਼ੀ ਸੇਵਕ" ਅਖ਼ਬਾਰ ਚਲਾਇਆ ਪਰ 1913 ਵਿੱਚ ਮਨੀਲਾ ਵਿੱਚ ਸਰਗਰਮੀ ਲਈ ਚਲਾ ਗਿਆ।

ਭਾਰਤੀਆਂ ਦਾ ਡੈਪੂਟੇਸ਼ਨ ਲੰਡਨ ਅਤੇ ਪੰਜਾਬ ਨੂੰ ਇਸ ਕਰਕੇ ਗਿਆ ਕਿ ਭਾਰਤੀਆਂ ਨੂੰ ਕਨੇਡਾ ਲਈ ਇਮੀਗਰੇਸ਼ਨ ਅਤੇ ਪਤਨੀ ਤੇ ਬੱਚੇ ਲਿਆਉਣ ਦੀ ਇਜਾਜ਼ਤ ਹੋਵੇ। ਇਸ ਕੰਮ ਲਈ ਸਾਮਰਾਜੀ ਬਰਤਾਨੀਆਂ ਦਬਾਅ ਪਾਏ। ਪਰ ਬਰਤਾਨੀਆਂ ਤਾਂ ਆਪ ਰੋਕ ਚਾਹੁੰਦਾ ਸੀ। ਹਾਂ ਆਪਣੀ ਮਰਜ਼ੀ ਤੇ ਨਿਗਰਾਨੀ ਹੇਠ ਮਜ਼ਦੂਰਾਂ ਤੋਂ ਬਿਦੇਸ਼ਾਂ ਵਿੱਚ ਮਜ਼ਦੂਰੀ ਚਾਹੁੰਦਾ ਸੀ। ਪੰਜਾਬ ਦੇ ਹਤਿਆਰੇ ਗਵਰਨਰ ਮਾਈਕਲ ਓ,ਡਾਇਰ ਨੇ ਡੈਪੂਟੇਸ਼ਨ ਨੂੰ ਭਾਸ਼ਨ ਦੇਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ। 1908 ਵਿੱਚ ਹਾਪਕਿਨਸਨ ਨੇ ਹੀ ਕਨੇਡੀਅਨ ਸਰਕਾਰ ਨੂੰ ਤਿਆਰ ਕਰਨ ਵਿੱਚ ਹਿਸਾ ਪਾਇਆ ਕਿ ਭਾਰਤੀਆਂ ਨੂੰ ਕਨੇਡਾ ਵਿੱਚੋਂ ਕੱਢ ਕੇ ਹੰਡੀਉਰਸ ਜਾਂ ਵੈਸਟ ਇੰਡੀਜ਼ ਤੇ ਬਲੀਜ ਨੂੰ ਭੇਜਿਆ ਜਾਏ। ਇਸ ਸਮੇਂ ਭੀ ਹਾਪਕਿਨਸਨ ਤੇ ਕਥਿਤ ਦੋਸ਼ ਲਾਇਆ ਗਿਆ ਕਿ ਉਹ ਹਾਂ ਕਰਾਉਣ ਲਈ ਭਾਰਤੀ ਡੈਲੀਗੇਸ਼ਨ ਨੂੰ ਵੱਢੀ ਦੇਣ ਦੀ ਕੋਸ਼ਿਸ਼ ਕਰਦਾ ਸੀ। ਪਰ ਨਾਜ਼ਰ ਸਿੰਘ ਤੇ ਸ਼ਾਮ ਸਿੰਘ ਦੇ ਡੈਲੀਗੇਸ਼ਨ ਨੇ ਉਹਨਾਂ ਬਸਤੀਆਂ ਵਿੱਚ ਜਾਣ ਦੇ ਵਿਰੁੱਧ ਅਤੇ ਕਨੇਡਾ ਵਿੱਚ ਹੀ ਰਹਿਣ ਦੀ ਰੀਪੋਰਟ ਦਿੱਤੀ।

ਕਾਮਾਗਾਟਾ ਮਾਰੂ ਦੇ ਸਮੇਂ, ਅਸਟਰੇਲੀਆ ਵਿੱਚ ਕੋਈ 6500 ਭਾਰਤੀ ਸਨ ਅਤੇ ਉਸ ਨੇ ਭੀ ਭਾਰਤੀਆਂ ਦੇ ਦਾਖਲੇ ਤੇ ਪਾਬੰਦੀ ਲਾ ਦਿੱਤੀ ਅਤੇ ਦੱਖਣੀ ਅਫਰੀਕਾ ਵਰਗਾ ਅੰਗਰੇਨੂੰਜ਼ੀ ਵਿਦਿਆ ਦਾ ਟੈਸਟ ਰੱਖ ਦਿੱਤਾ। ਦੱਖਣੀ ਅਫਰੀਕਾ ਵਿੱਚ 1914 ਵਿੱਚ ਪਾਸ ਕੀਤਾ ਗਿਆ ਕਿ 1915 ਤੋਂ ਭਾਰਤ ਤੋਂ ਆਉਣ ਵਾਲੇ ਮਜ਼ਦੂਰਾਂ ਨੂੰ ਇਥੇ ਨਹੀਂ ਰਹਿਣ ਦੱਤਾ ਜਾਵੇਗਾ ਅਤੇ ਜੋ ਭਾਰਤੀ ਦੱਖਣੀ ਅਫਰੀਕਾ ਵਿੱਚ ਰਹਿੰਦੇ ਹਨ ਪਰ ਜੇਕਰ ਉਹ ਭਾਰਤ ਜਾ ਕੇ ਮੁੜ ਦੱਖਣੀ ਅਫਰੀਕਾ ਵਿੱਚ ਦਾਖਲ ਹੋਣਾ ਚਾਹੁਣ ਤਾਂ ਉਹਨਾਂ ਨੂੰ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਨਿਊਜ਼ੀਲੈਂਡ ਲਈ ਭੀ ਬੰਦਸ਼ਾਂ ਸਨ। ਭਾਵ ਇਹ ਕਿ ਬਰਤਨਾਵੀ ਸਾਮਰਾਜ ਨੇ ਭਾਰਤੀਆਂ ਦੇ ਆਜ਼ਾਦ ਦਾਖਲੇ ਵਿਰੁੱਧ ਜਾਲ ਫੈਲਾਇਆ ਹੋਇਆ ਸੀ ਅਤੇ ਕਨੇਡਾ, ਅਸਟਰੇਲੀਆ, ਦੱਖਣੀ ਅਫਰੀਕਾ ਤੇ ਨਿਊਜ਼ੀਲੈਂਡ ਖੁਦ ਮੁਖਤਾਰ ਨੌਂ - ਅਬਾਦੀਆਂ ਸਨ, ਜਿਹਨਾਂ ਉਪਰ ਬਰਤਾਨੀਆ ਅਸਰ - ਅੰਦਾਜ਼ ਤੇ ਭਾਰੂ ਸੀ ਕਿਉਂਕਿ ਉਹ ਆਖਰੀ ਤੌਰ ਤੇ ਅਧੀਨ ਸਨ।

ਕਨੇਡਾ ਦੀ ਕਨਜ਼ਰਵੇਟਿਵ ਸਰਕਾਰ ਤਾਂ ਸਾਮਰਾਜ ਪੱਖੀ ਹੈ ਹੀ। ਇਸ ਦਾ

**TRU FOODS DISTRIBUTORS LTD.**
**Specializing in Health Foods**
❑ Vitamins ■ Herbs and all East Indian Foods

PROPRITER **Mander Brothers**

Tele.(604) **584-7011**

10705 — King George Hwy Surrey, B.C. V3T 2X6 ● 10053 — 136 A St. Surrey, B.C. V3T 4G1

ਐਮ. ਪੀ. ਸਟੀਵਨਜ਼ ਤਾਂ ਭਾਰਤੀਆਂ ਦੇ ਵਿਰੁੱਧ ਸੀ ਅਤੇ ਨਸਲਵਾਦੀ ਵਿਚਾਰਧਾਰਾ ਦਾ ਸੀ । ਭਾਵੇਂ ਬ੍ਰਿਟਿਸ਼ ਕੋਲੰਬੀਆ ਵਿੱਚ ਸੋਸ਼ਲਿਸਟ ਪਾਰਟੀ ਸੀ ਅਤੇ ਰੈਡੀਕਲ ਖਿਆਲਾਂ ਵਾਲੇ ਲੋਕ ਸਨ ਜੋ ਕਾਮਾਗਾਟਾ ਮਾਰੂ ਲਈ ਭਾਰਤੀ ਯੂਨਾਈਟਿਡ ਇੰਡੀਆ ਲੀਗ ਅਤੇ ਸੈਕਿੰਡ ਐਵੇਨਿਊ ਵਾਲੀ ਖਾਲਸਾ ਦੀਵਾਨ ਸੁਸਾਇਟੀ ਨਾਲ ਮੇਲ ਰਖਦੀ ਸੀ । ਪਰ ਨਸਲਵਾਦੀ ਤੇ ਪਿਛੇ-ਖਿਚੂ ਵਿਚਾਰਧਾਰਾ ਭਾਰੂ ਸੀ । ਸਿੱਧੇ ਸਫਰ ਦੀ ਸ਼ਰਤ ਵਿਰੁੱਧ ਕੁਝ ਗੋਰਿਆਂ ਨੇ ਲਿਖਿਆ ਅਤੇ ਔਰਤਾਂ ਤੇ ਬੱਚਿਆਂ ਦੇ ਦਾਖਲੇ ਬਾਰੇ ਸੁੰਦਰ ਸਿੰਘ, ਰਾਜਾ ਸਿੰਘ, ਤੇਜਾ ਸਿੰਘ ਅਤੇ ਐਲ. ਡਬਲਯੂ. ਹਾਲ ਦਾ ਡੈਲੀਗੇਸ਼ਨ (1911) ਵਿੱਚ ਗਿਆ (ਜੋ ਯੂਨਾਈਟਿਡ ਇੰਡੀਆ ਤੇ ਖਾਲਸਾ ਦੀਵਾਨ ਸੁਸਾਇਟੀ — ਉਸ ਸਮੇਂ ਸਾਰੇ ਭਾਰਤੀ ਖਾਲਸਾ ਦੀਵਾਨ ਸੁਸਾਇਟੀ ਦੇ ਭੀ ਮੈਂਬਰ ਸਨ, ਵਲੋਂ ਗਿਆ) ਪਰ ਦੋ ਸਾਲ ਜਵਾਬ ਨਾ ਆਇਆ ਅਤੇ ਪਿੱਛੋਂ ਭੀ ਅਸਪੱਸ਼ਟ ਜਵਾਬ ।

ਸਿੱਧੇ ਸਫਰ ਦੀ ਸ਼ਰਤ ਪਿੱਛੋਂ ਕੋਈ ਭੀ ਕੰਪਨੀ ਭਾਰਤ ਤੋਂ ਟਿਕਟ ਨਹੀਂ ਸੀ ਦਿੰਦੀ ਅਤੇ ਨਾ ਹੀ (ਅੰਗਰੇਜ਼ੀ ਦਬਾਅ ਅਧੀਨ) ਜਹਾਜ਼ ਚਲਾਉਣ ਲਈ ਤਿਆਰ ਸੀ । ਕਾਮਾਗਾਟਾ ਮਾਰੂ ਭੀ ਜਹਾਜ਼, ਪਹਿਲਾਂ ਤਾਂ ਜਰਮਨ ਵਪਾਰੀ ਦਾ ਸੀ । ਪਰ ਜਾਪਾਨੀ ਸਾਂਝੀਦਾਰਾਂ ਖਰੀਦ ਲਿਆ । ਉਹਨਾਂ ਤੋਂ ਬਾਬਾ ਗੁਰਦਿੱਤ ਸਿੰਘ ਨੇ ਲਿਆ । ਅੰਗਰੇਜ਼ਾਂ ਨੇ ਰੋਕਾਂ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਅਸਫਲ । ਸੋ ਭਾਰਤੀ ਮੂਲ ਦੇ ਲੋਕ ਭੀ ਚਾਹੁੰਦੇ ਸਨ ਕਿ ਜੇ ਉਹਨਾਂ ਦਾ ਆਪਣਾ ਜਹਾਜ਼ ਹੋਵੇ ਤਾਂ ਸਿੱਧਾ ਸਫਰ ਹੋ ਸਕਦਾ ਹੈ । ਨਾਲ ਹੀ ਪਹਿਲਾਂ ਦੱਸੇ ਜੱਜ ਹੰਟਰ ਦੇ ਸਿੱਧੇ ਸਫਰ ਵਿਰੁੱਧ ਫੈਸਲੇ ਨੇ ਹੌਂਸਲੇ ਵਧਾਏ । ਵੈਸੇ ਬਾਬਾ ਗੁਰਦਿੱਤ ਸਿੰਘ ਨੂੰ ਪਤਾ ਲੱਗ ਗਿਆ ਸੀ ਕਿ ਜੱਜ ਹੰਟਰ ਦੇ ਫੈਸਲੇ ਦੇ ਪਿੱਛੋਂ, ਕਾਨੂੰਨ ਸੋਧ ਲਿਆ ਹੈ ਅਤੇ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ ।

ਜਦੋਂ ਇਹ ਸਟੀਮਰ ਭਾੜੇ ਤੇ ਲੈ ਕੇ ਲੱਕੜ ਦੇ ਮੰਜੇ ਲੁਆ ਦਿੱਤੇ ਤਾਂ ਹਾਂਗਕਾਂਗ ਦਾ ਗਵਰਨਰ ਕਈ ਨੁਕਸ ਕੱਢਦਾ ਰਿਹਾ ਅਤੇ ਪੁਲਿਸ ਤੋਂ ਹੇਰਾ ਫੇਰੀ ਤੇ ਮੁਸਾਫਰਾਂ ਨਾਲ ਧੋਖਾ ਕਰਨ ਦੇ ਕੇਸ ਬਣਾਉਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਅਸਫਲ ਹੋਇਆ । ਆਖਰ ਕਨੇਡਾ ਦੀ ਸਰਕਾਰ ਨੂੰ ਤਾਰ ਦਿੱਤੀ ਪਰ ਕਈ ਦਿਨ ਜਵਾਬ ਨਾ ਗਿਆ । ਬਰਤਾਨੀਆਂ ਭੀ ਨਹੀਂ ਚਾਹੁੰਦਾ ਸੀ ਕਿ ਭਾਰਤੀ ਕਨੇਡਾ, ਅਮਰੀਕਾ ਆਦਿ ਵਿੱਚ ਆਉਣ ।

ਜਹਾਜ਼ 4 ਅਪ੍ਰੈਲ ਨੂੰ ਤੁਰ ਪਿਆ ਅਤੇ ਇਸ ਬਾਰੇ ਸੰਘਾਈ ਵਿੱਚ ਅਤੇ ਅੰਮ੍ਰਿਤਸਰ "ਖਾਲਸਾ ਸਮਾਚਾਰ" ਆਦਿ ਨੇ ਖਬਰਾਂ ਲਾਈਆਂ । ਪਰ ਇਸ ਤੋਂ ਪਹਿਲਾਂ ਹੀ ਕਨੇਡੀਅਨ ਸਰਕਾਰ ਨੂੰ ਖਬਰ ਹੋ ਚੁੱਕੀ ਸੀ ਅਤੇ ਲੰਡਨ ਨੇ ਆਪਣੇ ਵਲੋਂ ਤਾੜਨਾ ਕੀਤੀ ਹੋਈ ਸੀ । ਵੈਸੇ 1913 ਵਿੱਚ ਭਾਈ ਬਲਵੰਤ ਸਿੰਘ, ਨਰੈਣ ਸਿੰਘ ਤੇ ਰੈਣ ਸਿੰਘ ਓਟਾਵਾ ਤੇ ਲੰਡਨ ਨੂੰ ਭਾਰਤੀ ਇਮੀਗਰੇਸ਼ਨ ਨੂੰ ਸੌਖਿਆਂ ਕਰਨ ਲਈ ਗਿਆ ਸੀ । ਪਰ ਨਸਲਵਾਦੀ ਸਾਮਰਾਜੀਆਂ ਤੇ ਉਹਨਾਂ ਦੇ ਏਜੰਟਾਂ ਤੇ ਕੋਈ ਅਸਰ ਨਾ ਹੋਇਆ । ਬੀ. ਸੀ. ਦੀਆਂ ਅਖਬਾਰਾਂ ਤੇ ਖਾਸ ਕਰ "ਪ੍ਰੋਵਿੰਸ" ਅਖਬਾਰ ਨੇ ਧਮਾਕਾ ਖੇਜ ਖਬਰਾਂ ਤੇ ਸੁਰਖੀਆਂ ਲਾਈਆਂ ।

ਕਨੇਡਾ ਦੀ ਪਾਰਲੀਮੈਂਟ ਵਿੱਚ 17 ਅਪ੍ਰੈਲ, 1917 ਨੂੰ ਘਰੇਲੂ ਮੰਤਰੀ ਨੇ ਸਵਾਲ ਦਾ ਜਵਾਬ ਦਿੰਦੇ ਹੋਏ ਆਖਿਆ ਕਿ ਆ ਰਹੇ ਹਿੰਦੂਆਂ ਨੂੰ ਕਨੇਡਾ ਵਿੱਚ ਵੜਨ ਨਹੀਂ ਦਿੱਤਾ ਜਾਵੇਗਾ । ਜਹਾਜ਼ ਚਲ ਪਿਆ ਅਤੇ ਬਾਬਾ ਗੁਰਦਿੱਤ ਸਿੰਘ ਤੇ ਭਾਈ ਬਲਵੰਤ ਸਿੰਘ ਇਕੱਠੇ ਹੀ ਗੱਡੀ ਵਿੱਚ ਕੋਬੇ ਤੱਕ ਆਏ, ਜਿੱਥੋਂ ਬਾਬਾ ਗੁਰਦਿੱਤ ਸਿੰਘ ਨੇ ਆਖਰੀ ਕਾਗਜ਼ ਪੱਤਰ ਤੇ ਠੇਕੇ ਦਾ ਕੰਮ ਨਜਿੱਠ ਕੇ ਕਾਮਾਗਾਟਾ ਮਾਰੂ ਫੜਿਆ ਅਤੇ ਭਾਈ ਬਲਵੰਤ ਸਿੰਘ ਹੋਰ ਜਹਾਜ਼ ਵਿੱਚ ਪਹਿਲਾਂ ਹੀ ਵਿਕਟੋਰੀਆ ਪਹੁੰਚ ਗਿਆ ਤੇ ਉਸ ਨੇ ਵਿਕਟੋਰੀਆ ਤੇ ਵੈਨਕੂਵਰ ਵਿੱਚ ਰਹਿੰਦੇ ਭਾਰਤੀਆਂ ਨੂੰ ਕਾਮਾਗਾਟਾ ਮਾਰੂ ਬਾਰੇ ਆਗਾਹ ਕੀਤਾ । ਸ੍ਰੀ ਰੀਡ ਤੇ ਹੋਪਕਿਨਸਨ ਨੇ ਭੀ ਕਾਮਾਗਾਟਾ ਮਾਰੂ ਨੂੰ ਵਾਪਸ ਕਰਨ ਦੀਆਂ ਤਿਆਰੀਆਂ ਕੀਤੀਆਂ । ਸ੍ਰੀ ਬੇਲਾ ਸਿੰਘ ਤੇ ਬਾਬੂ ਸਿੰਘ ਆਦਿ ਸੂਹੀਏ ਤੇ ਗੱਦਾਰ ਭੀ ਸਰਗਰਮ ਕਰ ਰੱਖੇ ਸਨ । ਯੂਨਾਇਟਡ ਇੰਡੀਆ ਲੀਗ ਅਤੇ ਉਸ ਸਮੇਂ ਦੀ ਖਾਲਸਾ ਦੀਵਾਨ ਸੁਸਾਇਟੀ ਨੇ ਭੀ ਸੁਆਗਤ ਤੇ ਮੱਦਦ ਲਈ ਕਮਰ ਕੱਸੇ ਕੀਤੇ । ਇਹਨਾਂ ਦੇ ਵਕੀਲ ਬਰਡ ਨੇ ਆਰਡਰ-ਇਨ-ਕੌਂਸਲ ਵਿੱਚ ਇਕ ਕਮਜ਼ੋਰੀ ਲੱਭੀ ਕਿ ਬੀ. ਸੀ. ਵਿੱਚ ਉਹਨਾਂ ਬਿਦੇਸ਼ੀਆਂ (ਜੋ ਸਿੱਧੇ ਨਹੀਂ ਆਉਂਦੇ) ਬਾਰੇ ਸਾਰੀਆਂ ਬੰਦਰਗਾਹਾਂ ਦੇ ਨਾਮ ਸਨ ਪਰ ਪੋਰਟ ਅਲਬਰਨੀ ਦਾ ਨਾਮ ਨਹੀਂ ਸੀ । ਸੋ ਹਸਨ ਰਹੀਮ ਅਤੇ ਰਾਜਾ ਸਿੰਘ ਨੇ ਇੱਕ ਦਮ ਕਿਸ਼ਤੀ ਕਿਰਾਏ ਤੇ ਲਈ ਅਤੇ ਪਲੈਨ ਬਣਾਇਆ ਕਿ ਕਾਮਾਗਾਟਾ ਮਾਰੂ ਨੂੰ ਦੂਰ ਸਮੁੰਦਰ ਵਿੱਚ ਮਿਲ ਕੇ ਵੈਨਕੂਵਰ ਜਾਂ ਵਿਕਟੋਰੀਆ ਦੀ ਥਾਂ ਪੋਰਟ ਅਲਬਰਨੀ ਜਾਣ ਲਈ ਆਖਿਆ ਜਾਵੇ । ਪਰ ਰਾਹ ਵਿੱਚ ਝੱਖੜ ਅਤੇ ਚੜ੍ਹੇ ਸਮੁੰਦਰ ਕਾਰਨ ਉਹਨਾਂ ਨੂੰ ਰਾਹ ਵਿੱਚ ਅਟਕਣਾ ਪਿਆ । ਦੂਜੇ ਪਾਸੇ ਸੂਹੀਆਂ ਨੇ ਰੀਡ ਤੇ ਹੋਪਕਿਨਸਨ ਨੂੰ ਦੱਸ ਦਿੱਤਾ । ਸੋ ਕਸਟਮ ਅਫਸਰ ਸ੍ਰੀ ਗੁੱਡ ਨੂੰ ਪਿੱਛਾ ਕਰਨ ਲਈ ਭੇਜਿਆ । ਉਸ ਨੇ ਸਰਕਾਰੀ ਤਾਰ ਦੇਣ ਵਾਲੇ ਨੂੰ ਆਖਿਆ ਕਿ ਉਹ ਟੈਲੀਫੋਨ ਨਾ ਕਰਨ ਦੇਵੇ । ਸਗੋਂ ਪੱਚੀ ਡਾਲਰ ਦੀ ਵੱਢੀ ਦੇ ਕੇ ਕਿਸ਼ਤੀ ਦੇ ਇੰਜਣ ਵਿੱਚ ਨੁਕਸ ਪੁਆ ਦਿੱਤਾ ਜਿਸ ਕਰਕੇ ਹਸਨ ਰਹੀਮ ਤੇ ਰਾਜਾ ਸਿੰਘ ਕਾਮਾਗਾਟਾ ਮਾਰੂ ਨਾਲ ਮੇਲ ਨਾ ਕਰ ਸਕੇ । ਹੋਪਕਿਨਸਨ ਭੀ ਪਹਿਲਾਂ ਹੀ ਬਾਹਰ ਦੂਰ ਸਮੁੰਦਰ ਵਿੱਚ ਪਹੁੰਚ ਚੁੱਕਾ ਸੀ ।

ਸੋ ਕਾਮਾਗਾਟਾ ਮਾਰੂ 23 ਮਈ, 1914 ਨੂੰ ਵੈਨਕੂਵਰ ਪਹੁੰਚਾ ਪਰ ਕੰਢੇ ਤੇ ਨਾ ਲੱਗਣ ਦਿੱਤਾ । ਨਸਲਵਾਦੀਆਂ ਤੇ ਵੈਨਕੂਵਰ ਦੇ ਮੇਅਰ, ਅਮ. ਪੀ. ਸਟੀਵਨਜ਼ ਹੋਪਕਿਨਸਨ ਅਤੇ ਰੀਡ ਆਦਿ ਨੇ ਮਾਹੌਲ ਗੰਦਾ ਕਰ ਰੱਖਿਆ ਸੀ । ਇਮੀਗਰੇਸ਼ਨ ਤੇ ਸਰਕਾਰ ਇਸ ਨੂੰ ਵਾਪਸ ਕਰਨ ਦੀ ਯੋਜਨਾ ਬਣਾ ਚੁੱਕੀ ਸੀ । ਯੂਨਾਈਟਿਡ ਇੰਡੀਆ ਲੀਗ ਅਤੇ ਉਸ ਸਮੇਂ ਦੀ ਖਾਲਸਾ ਦੀਵਾਨ ਸੁਸਾਇਟੀ

VINYL SIDING

PAL VINYL
INSTALLATION COMPANY



.VINYL SIDINGS,SOFFITS & GUTTERS
.FAST FRIENDLY & ROYAL SERVICE ASSURED
.FREE ESTIMATES.

ਵਾਈਨਲ ਸਾਈਡਿੰਗ,ਸੋਫਿਟਸ ਤੇ ਗਟਰਾਂ ਦਾ ਕੰਮ ਹੋਵੇ ਤਾਂ ਹਮੇਸ਼ਾਂ ਭਰੋਸੇਯੋਗ ਫਾਸਟ ਤੇ ਦੋਸਤਾਨਾ ਸਰਵਿਸ ਲਈ ਪਾਲ ਸਹੋਤਾ ਨੂੰ ਸੇਵਾ ਦਾ ਮੌਕਾ ਦਿਓ।ਵਾਜ਼ਬ ਕੀਮਤ ਤੇ ਤਸੱਲੀਬਖਸ਼ ਸਰਵਿਸ ਸਾਡੀ ਵਿਸ਼ੇਸ਼ਤਾ ਹੈ।

*For More Information*

*PAL SAHOTA PH.(604)581-4212*

ਨੇ ਕਾਮਾਗਾਟਾ ਮਾਰੂ ਦੇ ਹੱਕ ਵਿੱਚ ਡੂਮੀਨੀਅਨ ਹਾਲ ਵਿੱਚ 31 ਮਈ, 1914 ਨੂੰ ਜਲਸਾ ਕੀਤਾ ਜਿਸ ਦੀ ਹਸਨ ਰਹੀਮ ਅਤੇ ਸਕੱਤਰ ਦੇ ਫਰਜ਼ ਮੁਨਸ਼ੀ ਰਾਮ ਨੇ ਨਿਭਾਏ। ਭਾਈ ਬਲਵੰਤ ਸਿੰਘ ਨੇ ਮੁੱਖ ਭਾਸ਼ਨ ਦਿੱਤਾ। ਇਹ ਯਾਦ ਕਰਾ ਦਿੱਤਾ ਜਾਵੇ ਕਿ ਭਾਈ ਬਲਵੰਤ ਸਿੰਘ ਖੁਰਦ ਪੁਰ (ਜਿਹਨਾਂ ਦਾ ਲੜਕਾ ਭਾਈ ਹਰਦਿਆਲ ਸਿੰਘ ਤੇ ਉਸ ਦੇ ਅਗਾਂਹ ਬੱਚੇ ਡੰਕਨ ਰਹਿੰਦੇ ਹਨ) ਨੂੰ ਆਜ਼ਾਦੀ ਦੀ ਲੜਾਈ ਵਿੱਚ ਲਾਹੌਰ ਸਾਜ਼ਸ਼ ਕੇਸ਼ ਵਿੱਚ ਫਾਂਸੀ ਦਿੱਤੀ ਗਈ। ਅੱਜ ਵੰਡਵਾਦੀ ਫਿਰਕੂ ਜਨੂੰਨੀ ਤੇ ਅਮਰੀਕਾ ਦੇ ਏਜੰਟ ਅਜਿਹੇ ਯੋਧਿਆਂ ਦੇ ਨਾਮ ਨੂੰ ਵੰਡਵਾਦ ਰਾਹੀਂ ਕਲੰਕਤ ਕਰਨ ਦੇ ਯਤਨ ਕਰ ਰਹੇ ਹਨ। ਇਮੀਗਰੇਸ਼ਨ ਤੇ ਹੋਰ ਗਿਣਤੀ ਦੇ ਸਾਮਰਾਜੀ ਏਜੰਟਾਂ ਨੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਅਤੇ ਭਾਰਤੀ ਕਮਿਊਨਿਟੀ ਨੂੰ ਫਿਰਕੂ ਲੀਹਾਂ ਤੇ ਵੰਡਣ ਦੀ ਅਸਫਲ ਕੋਸ਼ਿਸ਼ ਕੀਤੀ (ਜ਼ਿਵੇਂ ਪਿਛਲੇ ਕੁਝ ਸਾਲਾਂ ਵਿੱਚ ਫਿਰਕੂ ਜਨੂੰਨੀਆਂ ਤੇ ਵੱਖਵਾਦੀਆਂ ਨੇ ਭਾਰਤੀ ਕਮਿਊਨਿਟੀ ਨੂੰ ਧਰਮ ਦੇ ਨਾਮ ਤੇ ਵੰਡਣ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ ਅਤੇ ਇਥੇ ਦੀ ਫੈਡਰਲ ਸਰਕਾਰ ਨੇ ਭੀ ਕੋਸ਼ਿਸ਼ ਕੀਤੀ ਅਤੇ ਗੁਪਤ ਹਦਾਇਤਾਂ ਵਿੱਚ ਹੋ ਰਿਹਾ ਹੈ ਪਰ ਭਾਰਤੀ ਲੋਕਾਂ ਨੇ ਇਹਨਾਂ ਚਾਲਾਂ ਨੂੰ ਹੁਣ ਭੀ ਤੇ ਕਾਮਾਗਾਟਾ ਮਾਰੂ ਸਮੇਂ ਭੀ ਬੁਰੀ ਤਰ੍ਹਾਂ ਨਿਖੇੜ ਕੇ ਫੇਲ੍ਹ ਕਰ ਦਿੱਤਾ)। ਇਥੇ ਦੇ ਗੋਰੇ ਅਗਾਂਹ-ਵਧੂਆਂ ਨੇ ਭਾਰਤੀਆਂ ਦਾ ਸਾਥ ਦਿੱਤਾ।

ਪਰ ਕਨੇਡੀਅਨ ਤੇ ਬਰਤਾਨਵੀ ਸਾਮਰਾਜੀ ਮਸ਼ੀਨ ਨੇ ਵਾਪਸ ਕਰਨ ਲਈ ਹਰ ਗੰਦਾ ਤਰੀਕਾ ਵਰਤਿਆ। ਭਾਰਤੀ ਲੋਕਾਂ ਨੇ ਬੜੀ ਏਕਤਾ ਨਾਲ ਬਹੁਤ ਪੈਸਾ ਹਿਕੱਠਾ ਕੀਤਾ ਅਤੇ ਉਤਾਰਨ ਲਈ ਹਰ ਜ਼ਮਾਨਤ ਦੇਣ ਲਈ ਆਖਿਆ। ਕਾਨੂੰਨ ਦਾ ਦਰਵਾਜ਼ਾ ਖੜਕਾਇਆ ਪਰ ਨਿਸਫਲ। ਕਾਨੂੰਨ ਦੀਆਂ ਧੱਜੀਆਂ ਉਡਾਈਆਂ ਗਈਆਂ। ਭਾਰਤੀਆਂ ਨੂੰ ਅਮਲ ਤੇ ਤਜਰਬੇ ਰਾਹੀਂ ਪਤਾ ਚਲ ਗਿਆ ਕਿ ਸਾਮਰਾਜੀ ਤੇ ਲੋਟੂ ਜਮਾਤਾਂ ਤਾਂ ਲੋਕਾਂ ਨੂੰ ਆਪਣੇ ਹਿਤਾਂ ਲਈ ਲੜਾਉਂਦੀਆਂ, ਵਰਤਦੀਆਂ ਹਨ ਅਤੇ ਜਦੋਂ ਕੰਮ ਨਿਕਲ ਜਾਏ ਤਾਂ ਏਜੰਟਾਂ ਨੂੰ ਭੀ ਫੋਕਟ ਵਾਂਗ ਸੁੱਟ ਦਿੰਦੀਆਂ ਹਨ। ਇਹ ਭੀ ਤਜਰਬਾ ਹੋ ਗਿਆ ਕਿ ਆਜ਼ਾਦ ਆਜ਼ਾਦ ਦੇਸ਼ ਤੇ ਗੁਲਾਮ ਦੇਸ਼ ਦੇ ਵਾਸੀ ਹੋਣ ਵਿੱਚ ਕਿੰਨਾ ਫਰਕ ਹੈ। ਆਖਰ ਫੌਜੀ ਮੱਦਦ ਨਾਲ ਕਾਮਾਕਾਟਾ ਮਾਰੂ ਨੂੰ 23 ਜੁਲਾਈ ਨੂੰ ਵਾਪਸ ਭਾਰਤ ਨੂੰ ਮੋੜ ਦਿੱਤਾ।

ਵੈਸੇ ਤਾਂ ਟੈਕਨੀਕਲ ਤੌਰ ਤੇ ਜਹਾਜ਼ ਵਾਪਸ ਹਾਂਗਕਾਂਗ ਜਾਂਦਾ ਪਰ ਅੰਗਰੇਜ਼ੀ ਸਰਕਾਰ ਨੇ ਦਬਾਅ ਪਾਇਆ ਕਿ ਜਹਾਜ਼ ਭਾਰਤ ਜਾਵੇ ਤੇ ਉਥੇ ਇਹਨਾਂ ਮੁਸਾਫਰਾਂ ਨੂੰ ਆਪਣੇ ਢੰਗ ਨਾਲ ਹੈਂਡਲ ,ਕਰੇਗੀ। ਸੋ ਹਾਂਗਕਾਂਗ ਨੇ ਪਹਿਲਾਂ ਹੀ ਆਖ ਦਿੱਤਾ ਕਿ ਜਹਾਜ਼ ਨੂੰ ਉਥੇ ਨਹੀਂ ਲਗਣ ਦਿੱਤਾ ਜਾਵੇਗਾ। ਇਸ ਨੂੰ ਮਦਰਾਸ ਭੇਜਣ ਦੀਆਂ ਵਿਉਂਤਾਂ ਵੀ ਬਣੀਆਂ। ਕਾਮਾਗਾਟਾ ਮਾਰੂ ਨੂੰ ਕਲਕੱਤੇ ਬੱਜ ਬੱਜ ਘਾਟ ਤੇ ਲਾਉਣ ਲਈ ਸਰਕਾਰ ਨੇ ਪ੍ਰਬੰਧ ਕਰ ਲਏ। ਪੰਜਾਬ ਤੋਂ ਭੀ ਪੁਲਿਸ ਸੱਦ ਲਈ। ਭਲਾ ਇਹ ਕਿਉਂ ? ਡਰ ਸੀ ਕਿ ਮੁਸਾਫਰਾਂ ਨੂੰ ਗੁਲਾਮੀ ਤੇ ਆਜ਼ਾਦੀ ਦਾ ਗਿਆਨ ਹੋ ਗਿਆ ਹੈ ਅਤੇ ਅੰਗਰੇਜ਼ੀ ਸਾਮਰਾਜ ਚਾਲਾਂ ਨੂੰ ਸਮਝ ਕੇ ਬਾਗੀ ਪੁਣੇ ਤੋਂ ਡਰਦੇ ਸਨ। 27 ਸਤੰਬਰ ਨੂੰ ਦਿਨ ਚੜ੍ਹਨ ਤੋਂ ਪਹਿਲਾਂ ਹੀ ਪੁਲਿਸ ਜਹਾਜ਼ ਵਿੱਚ ਪਹੁੰਚ ਗਈ (ਇਹ ਜਹਾਜ਼ 26 ਸਤੰਬਰ ਦੀ ਸ਼ਾਮ ਨੂੰ ਹੁਗਲੀ ਪਹੁੰਚ ਗਿਆ ਸੀ)।

ਇਥੇ ਭੀ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਬਹੁਤ ਖੁਆਰ ਕੀਤਾ ਅਤੇ ਸਿੱਧਾ ਪੰਜਾਬ ਜਾਣ ਲਈ ਮਜ਼ਬੂਰ ਕੀਤਾ। ਨਾਲ ਹੀ ਪੁਲਿਸ ਨੇ ਡਾਢਾ ਮਾਰੀ ਕੀਤੀ ਅਤੇ ਅੰਗਰੇਜ਼ ਅਫਸਰ ਨੇ ਜਦੋਂ ਗੋਲੀ ਮਾਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦੇ ਹੱਥ ਤੇ (ਖੋਹ ਕੇ) ਡਾਂਗ ਮਾਰੀ। ਪਿੱਛੋਂ ਪੁਲਿਸ ਨੇ ਮੁਸਾਫਰਾਂ ਨੂੰ ਸਟੇਸ਼ਨ ਵੱਲ ਮੁੜ ਕੇ ਲਿਆਉਣ ਸਮੇਂ ਗੋਲੀ ਚਲਾਈ। ਬਹਾਨਾ — ਕਿ ਬਗਾਵਤ ਦਾ ਡਰ ਸੀ। ਇਸ ਵਿੱਚ 29 ਭਾਰਤੀ ਮੁਸਾਫਰ ਮਾਰੇ ਗਏ, 18 ਜ਼ਖਮੀ ਹੋਏ, ਨੌਂ ਬਚ ਨਿਕਲੇ ਅਤੇ ਦੋ ਸੌ ਬਾਈ (੨੨੨) ਨੂੰ ਕੈਦ ਤੇ ਯੂਹ ਬੰਦੀ ਆਦਿ ਕੀਤੀ ਗਈ।

ਪਿੱਛੋਂ ਇਸ ਕਤਲੇਆਮ ਦੀ ਪੜਤਾਲ ਲਈ ਤਿੰਨ ਅੰਗਰੇਜ਼ਾਂ ਅਤੇ ਦੋ ਝੋਲੀ ਚੁੱਕ ਰਾਜਿਆਂ ਦਾ ਕਮਿਸ਼ਨ ਬਣਾਇਆ। (ਸਰ ਵਿਲੀਅਮ ਵੈਨਸੈਂਟ, ਫੈਗਨ, ਵੈਮਜ਼ਲੇ, ਸਰ ਬਿਜੈ ਚੰਦ ਮਹਿਤਾਬ - ਬਰਦਵਾਨ ਦਾ ਰਾਜਾ ਅਤੇ ਕਪੂਰਥਲੇ ਦਾ ਰਾਜਾ ਦਲਜੀਤ ਸਿੰਘ)। ਇਹ ਲੋਕ ਤਾਂ ਭਾਰਤੀ ਲੋਕਾਂ ਦੀ ਨਫਰਤ ਦੇ ਭੀ ਯੋਗ ਨਹੀਂ ਸਨ। ਕਪੂਰਥਲੇ ਦਾ ਰਾਜਾ ਦਲਜੀਤ ਸਿੰਘ ਤਾਂ ਅੰਗਰੇਜ਼ ਸਾਮਰਾਜ ਦਾ ਪ੍ਰਸਿੱਧ ਬੂਟ ਚੱਟ ਸੀ। (ਬਾਬਾ ਗੁਰਦਿੱਤ ਸਿੰਘ ਨੇ ਇਸ ਰਾਜਾ ਦਲਜੀਤ ਸਿੰਘ ਦੇ ਆਪਣੀ ਜੀਵਨੀ ਕਥਾ ਵਿੱਚ ਕਾਫੀ ਪਰਖਚੇ ਉਡਾਏ ਹਨ)।

ਕਨੇਡਾ ਵਿੱਚ ਭਾਰਤੀ ਲੋਕਾਂ ਵਿੱਚ ਅੱਗੇ ਨਾਲੋਂ ਭੀ ਜ਼ਿਆਦਾ ਰੋਹ ਸੀ ਅਤੇ ਗੱਦਾਰ ਬੇਲਾ ਸਿੰਘ ਹੱਥੋਂ ਭਾਗ ਸਿੰਘ ਆਦਿ ਦਾ ਕਤਲ ਅਤੇ ਸ਼ਹੀਦ ਮੇਵਾ ਸਿੰਘ ਹੱਥੋਂ ਹਾਪਕਿਨਸਨ ਦਾ ਕਤਲ ਆਦਿ ਇਸ ਦੀ ਹੀ ਕੜੀ ਸੀ। ਪਿੱਛੋਂ ਵੈਨਕੂਵਰ 'ਸੰਨ' ਅਖਬਾਰ ਨੇ ਭੀ ਇਸ ਨਸਲਵਾਦੀ ਵਧੀਕੀ ਨੂੰ ਭੰਡਿਆ। ਇਹਨਾਂ ਸਾਰੀਆਂ ਘਟਨਾਵਾਂ ਤੇ ਚਾਲਾਂ ਨੇ ਜਿੱਥੇ ਕਨੇਡਾ ਅਮਰੀਕਾ ਦੇ ਭਾਰਤੀਆਂ ਨੂੰ ਆਜ਼ਾਦੀ ਲਈ ਹੋਰ ਤਿੱਖਾ ਕੀਤਾ (ਕਿਉਂਕਿ ਗੱਦਰ ਪਾਰਟੀ ਤਾਂ ਬਣ ਚੱਕੀ ਸੀ ਤੇ ਪੂਰਨ ਆਜ਼ਾਦੀ ਦਾ ਬਿਗਲ ਬਜਾ ਚੁੱਕੀ ਸੀ — ਜਿਸ ਦੇ ਭਾਰੀ ਬਹੁ-ਗਿਣਤੀ ਮੈਂਬਰ ਭੀ ਕਮਿਊਨਿਸਟ ਲਹਿਰ ਵਿੱਚ ਸ਼ਾਮਲ ਹੋ ਗਏ)।

ਨੋਟ: ਇਸ ਸਾਲ ਕਾਮਾਗਾਟਾ ਮਾਰੂ ਦੀ ਪੰਜੱਤਰਵੀਂ (75ਵੀਂ) ਵਰ੍ਹੇ ਗੰਢ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਔਫ ਕੈਨੇਡਾ ਅਤੇ ਕਾਮਾਗਾਟਾ ਮਾਰੂ ਫਾਊਂਡੇਸ਼ਨ ਸੈਕੂਲਰ, ਭਰਾਤਰੀ ਸਦਭਾਵਨਾ, ਭਾਰਤੀ ਅਖੰਡਤਾ ਲਈ ਤੇ ਵੰਡਵਾਦ ਨੂੰ ਨਿਖੇੜਨ ਦੇ ਤੌਰ ਤੇ ਭੀ ਮਨਾ ਰਹੇ ਹਨ। ਇਹਨਾਂ ਜਥੇਬੰਦੀਆਂ ਨੇ ਵੈਨਕੂਵਰ ਸ਼ਹਿਰ ਦੀ ਕੌਂਸਲ ਨੂੰ ਆਖਿਆ ਹੈ ਕਿ ਉਹ 17 - 23 ਮਈ ਦਾ ਹਫਤਾ ਕਾਮਾਗਾਟਾ ਮਾਰੂ ਹਫਤਾ ਦਾ ਐਲਾਨ ਕਰੇ, ਨਾਲ ਹੀ ਕਾਮਾਗਾਟਾ ਮਾਰੂ ਦੇ ਨਾਮ ਹੋਏ ਨਸਲਵਾਦ ਅਤੇ ਘੋਰ ਬੇ-ਇਨਸਾਫੀ ਦਾ ਖੰਡਨ ਕਰੇ ਅਤੇ ਉਸ ਦੀ ਯਾਦ ਵਿੱਚ ਸ਼ਹਿਰ ਦੀ ਪਬਲਿਕ ਥਾਂ ਤੇ ਯਾਦਗਾਰੀ ਪਲੇਟ ਲਾਵੇ। ਇਹਨਾਂ ਦੇ ਮਤੇ ਤੇ ਹੀ ਵੈਨਕੂਵਰ ਦੀ ਰੇਸ ਰੀਲੇਸ਼ਨਜ਼ ਕਮੇਟੀ ਨੇ ਅਸੂਲੀ ਤੌਰ ਤੇ ਇਹ ਮੰਨ ਲਿਆ ਹੈ ਅਤੇ ਸਿਟੀ ਕੌਂਸਲ ਨੂੰ ਇਹ ਮੰਨਣ ਦੀ ਸਿਫਾਰਸ਼ ਕੀਤੀ ਹੈ। ਹੋਰ ਜਥੇਬੰਦੀਆਂ ਤੇ ਵਿਅਕਤੀਆਂ ਨੂੰ ਭੀ ਇਸ ਕੰਮ ਲਈ ਜ਼ੋਰ ਪਾਉਣਾ ਚਾਹੀਦਾ ਹੈ

ਚਲਦਾ।

---

(ਸਫਾ ... ਦੀ ਬਾਕੀ)

ਸਾਡਾ ਕਹਿਣ ਤੋਂ ਭਾਵ ਇਹ ਹੈ ਕਿ ਜਿੱਥੇ ਅੱਤਵਾਦੀ-ਵੱਖਵਾਦੀ ਤੱਤਾਂ ਵਲੋਂ ਕਤਲਾਮ, ਲੁੱਟ-ਖੋਹ ਅਤੇ ਹੋਰ ਵਧੀਕੀਆਂ ਦੇ ਕੇਸ 97 ਫੀ ਸਦੀ ਹਨ ਓਥੇ ਪੁਲਸ ਵਲੋਂ ਵਧੀਕੀਆਂ ਅਤੇ ਬੇਗੁਨਾਹਾਂ ਨੂੰ ਕੁਟਕੇ ਮਾਰਨ ਦੀਆਂ ਵਾਰਦਾਤਾਂ ਤਿੰਨ ਫੀਸਦੀ ਵੀ ਨਹੀਂ ਹਨ। ਅਤੇ ਜੇ ਅਜਿਹੀਆਂ ਪੁਲਸ ਵਧੀਕੀਆਂ ਹੁੰਦੀਆਂ ਹਨ ਤਾਂ ਉਹਨਾਂ ਵਿਰੁੱਧ ਹਰ ਹਾਲਤ ਵਿਚ ਸਭਨਾਂ ਨੂੰ ਹੀ ਆਵਾਜ਼ ਉੱਚੀ ਕਰਨੀ ਚਾਹੀਦੀ ਹੈ ਅਤੇ ਇਹ ਆਵਾਜ਼ ਪ੍ਰੈਸ ਰਾਹੀਂ ਅਤੇ ਹੋਰ ਵੱਖ ਵੱਖ ਸਾਧਨਾ ਰਾਹੀਂ ਉੱਚੀ ਹੋ ਵੀ ਰਹੀ ਹੈ।

ਆਮ ਸਿੱਖ ਜਨਤਾ ਅੱਤਵਾਦੀ ਤੱਤਾਂ ਵਿਰੁਧ ਕਿਵੇਂ ਲੜ ਰਹੀ ਹੈ ਉਸਦੀ ਤਾਜ਼ਾ ਮਿਸਾਲ ਛ ਜੂਨ ਦੀ ਉਸ ਘਟਨਾ ਤੋਂ ਮਿਲਦੀ ਹੈ ਜਿਸ ਵਿਚ ਅੱਤਵਾਦੀਆਂ ਨੇ ਬਟਾਲਾ ਪੁਲਸ ਜ਼ਿਲੇ ਦੇ ਤਲਵੰਡੀ ਪਿੰਡ ਵਿਚ ਦੋ ਬੱਸ ਯਾਤਰੀਆਂ ਦੀ ਗੋਲੀ ਮਾਰਕੇ ਹਤਿਆ ਕਰ ਦਿਤੀ ਅਤ ਦੋ ਹੋਰਨਾਂ ਨੂੰ ਗੰਭੀਰ ਰੂਪ ਵਿਚ ਜ਼ਖਮੀ ਕਰ ਦਿਤਾ। ਅੱਤਵਾਦੀਆਂ ਨੇ ਦੋ ਸਿੱਖ ਨੋਜਵਾਨਾਂ ਨੂੰ ਇਸ ਕਰਕੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਕਿਉਂ ਜੁ ਉਹਨਾਂ ਵਲੋਂ ਪਹਿਲਾਂ ਬੱਸ ਨੂੰ ਅਗਵਾ ਕੀਤੇ ਜਾਣ ਦਾ ਵਿਰੋਧ ਕੀਤਾ ਗਿਆ ਅਤੇ ਫੇਰ ਪਿਛੋਂ ਬਸ ਵਿਚ ਸਵਾਰ ਹਿੰਦੂ ਮੁਸਾਫਰਾਂ ਨੂੰ ਕਤਲ ਕਰਨ ਦਾ।

ਸਿੱਖ ਫੈਡਰੇਸ਼ਨ ਵਲਿਆਂ ਅਤੇ ਅਕਾਲੀ ਧੜਿਆਂ ਨੂੰ ਸਿਖਾਂ ਨਾਲ ਪੁਲਸ ਵਧੀਕੀਆਂ ਵਿਰੁੱਧ ਮੁਹਿੰਮ ਚਲਾਉਣ ਜਾਂ ਰੋਸ ਦਿਵਸ ਮਨਾਉਣ ਦਾ ਪੂਰਾ-ਪੂਰਾ ਹੱਕ ਹੈ ਪਰ ਜਿਹੜੀ ਕਤਲੋਗਾਰਤ ਅੱਤਵਾਦੀ ਕਰ ਰਹੇ ਹਨ, ਜਿਹੜੀ ਲੁਟ ਉਹਨਾਂ ਨੇ ਮਚਾ ਰਖੀ ਹੈ, ਜਿਹੜੀਆਂ ਧਕੇਸ਼ਾਹੀਆਂ ਉਹ ਕਰ ਰਹੇ ਹਨ, ਉਹਨਾਂ ਬਾਰੇ ਚੁਪ ਕਿਉਂ ਸਾਧੀ ਰਖੀ ਜਾ ਰਹੀ ਹੈ ?

ਅਜਿਹੀ ਚੁਪ ਨੀਤੀ ਧਾਰਕੇ ਕੀ ਅੱਤਵਾਦੀਆਂ ਦੀ ਹਮਾਇਤ ਨਹੀਂ ਕੀਤੀ ਜਾ ਰਹੀ ਜਾਂ ਉਹਨਾ ਵਲੋਂ ਆਮ ਜਨਤਾ ਦੇ ਕਤਲ ਤੇ ਹੋਰ ਵਧੀਕੀਆਂ ਨੂੰ ਹੱਕੀ ਨਹੀਂ ਠਹਿਰਾਇਆ ਜਾ ਰਿਹਾ।

ਪੁਲਸ ਨੂੰ ਤਾਂ ਪੰਜਾਬ ਦੇ ਕਿਸੇ ਟਾਂਵੇਂ ਟਾਂਵੇਂ ਪਿੰਡ ਵਿਚ ਹੀ ਕਿਸੇ ਘਰ ਪਿਟਿਆ ਜਾ ਰਿਹਾ ਹੈ ਪਰ ਅੱਤਵਾਦੀ ਤੱਤਾਂ ਨੂੰ ਤਾਂ ਲਗਪਗ ਹਰ ਪਿੰਡ ਵਿਚ ਹੀ ਪਿਟਿਆ ਅਤੇ ਅਲਾਹਿਆ ਜਾ ਰਿਹਾ ਹੈ, ਅਥਵਾ ਇਹਨਾਂ ਵਿਰੁਧ ਨਫਰਤ ਅਤੇ ਗੁੱਸਾ ਤੇਜ਼ੀ ਨਾਲ ਫੈਲਦਾ ਜਾ ਰਿਹਾ ਹੈ।

# ਫਿਰਕਾਪ੍ਰਸਤੀ ਤੇ ਦੇਸ਼ ਭਗਤੀ ਨਾਲੋ ਨਾਲ ਨਹੀਂ ਚਲ ਸਕਦੀਆਂ

—ਮੰਗਤ ਰਾਮ ਪਾਸਲਾ—

ਦੇਸ਼ ਵਿਚ ਵਧ ਰਹੀ ਧਾਰਮਕ ਕੱਟੜਤਾ, ਫਿਰਕਾਪ੍ਰਸਤੀ ਅਤੇ ਵਖਵਾਦੀ ਲਹਿਰਾਂ ਕਾਰਨ ਇਹ ਚਿੰਤਾ ਸੁਭਾਵਕ ਹੀ ਹੈ ਕਿ ਕੀ ਸਾਡਾ ਦੇਸ਼ ਇਕਮੁਠ ਰਹਿ ਸਕੇਗਾ ਜਾਂ ਨਹੀਂ ? ਕੀ ਸਾਡਾ ਜਮਹੂਰੀ ਅਤੇ ਧਰਮ ਨਿਰਪੱਖ ਸਮਾਜੀ ਤਾਣਾਬਾਣਾ ਕਾਇਮ ਰਹਿ ਸਕੇਗਾ ?

ਸਮੁੱਚੇ ਦੇਸ਼ ਨੂੰ ਦੇਖਦਿਆਂ ਹਾਲਤ ਦੀ ਗੰਭੀਰਤਾ ਦਾ ਗਿਆਨ ਸਹਿਜੇ ਹੀ ਹੋ ਜਾਂਦਾ ਹੈ। ਜੰਮੂ-ਕਸ਼ਮੀਰ ਵਿਚ ਮੁਸਲਮਾਨ ਕੱਟੜਪੰਥੀ ਅਤੇ ਵੰਡਵਾਦੀ ਸ਼ਕਤੀਆਂ ਸਰਗਰਮ ਹਨ। ਪਹਿਲਾਂ ਕਸ਼ਮੀਰਵਾਦੀ ਵਿਚ ਬਹੁ ਗਿਣਤੀ ਫਿਰਕੇ ਵਲੋਂ ਕਦੀ ਘਟ ਗਿਣਤੀਆਂ ਉਤੇ ਹਮਲਾ ਨਹੀਂ ਸੀ ਹੋਇਆ। ਪਰ ਪਿਛਲੇ ਦਿਨੀਂ ਹੋਈ ਫਿਰਕੂ ਗੜਬੜ ਨੇ ਅਤੀ ਵਿਸਫੋਟਕ ਸਥਿਤੀ ਨੂੰ ਸਭ ਦੇ ਸਾਹਮਣੇ ਪ੍ਰਤਖ ਕਰ ਦਿਤਾ ਹੈ। ਪਾਕ ਪੱਖੀ ਅਨਸਰ ਅਤੇ ਹਥਿਆਰਬੰਦ ਅੱਤਵਾਦੀ ਆਪਣੀਆਂ ਸਰਗਰਮੀਆਂ ਰਾਹੀਂ ਦੇਸ਼ ਧਰੋਹੀ ਚਾਲ ਵਿਚ ਸਰਗਰਮ ਹਨ। ਇਸ ਸਥਿਤੀ ਨੂੰ ਪੈਦਾ ਕਰਨ ਵਿਚ ਕੇਂਦਰੀ ਕਾਂਗਰਸ ਸਰਕਾਰ ਦਾ ਵੀ ਹੱਥ ਹੈ, ਜਿਸ ਨੇ ਪਹਿਲਾਂ ਡਾ: ਫਾਰੂਖ ਅਬਦੁਲਾ ਦੀ ਸਰਕਾਰ ਨੂੰ ਡੇਗ ਕੇ ਜੀ. ਐਮ. ਸ਼ਾਹ ਦੀ ਹੱਥ ਠੋਕਾ ਸਰਕਾਰ ਬਣਾਈ, ਜਿਸ ਨੇ ਆਪਣੀ ਸਥਿਤੀ ਮਜਬੂਤ ਕਰਨ ਲਈ ਮੁਸਲਮਾਨ ਕੱਟੜਪੰਥੀਆਂ ਨੂੰ ਖੁੱਲ ਖੇਡਣ ਦੀ ਇਜਾਜ਼ਤ ਦਿਤੀ ਭਾਵੇਂ ਅੱਜ ਫੇਰ ਡਾ: ਫਾਰੂਕ ਦੀ ਕਾਂਗਰਸ ਨਾਲ ਸਾਂਝੀ ਸਰਕਾਰ ਹੈ, ਪ੍ਰੰਤੂ ਧਾਰਮਕ ਕੱਟੜਤਾ ਦੀ ਪਾਣ ਚੜੀ ਮੁਸਲਮਾਨ ਜੰਤਾ ਦਾ ਵੱਡਾ ਹਿਸਾ ਨੈਸ਼ਨਲ ਕਾਨਫਰੰਸ ਨਾਲ ਨਹੀਂ ਹੈ, ਸਗੋਂ ਕੱਟੜਵਾਦੀਆਂ ਦੇ ਪ੍ਰਭਾਵ ਹੇਠ ਹੈ।

ਪੰਜਾਬ ਅੰਦਰ ਖਾਲਿਸਤਾਨੀ ਦਹਿਸ਼ਤਗਰਦ ਦੇਸ਼ ਦੀ ਏਕਤਾ ਨੂੰ ਤੋੜਨ ਅਤੇ ਸਮਾਜ ਦੀਆਂ ਧਰਮ ਨਿਰਪੱਖ ਰਵਾਇਤਾਂ ਨੂੰ ਖਤਮ ਕਰਨ ਲਈ ਇਕ ਗਿਣੀ ਮਿਥੀ ਸਾਜਿਸ ਅਧੀਨ ਕੰਮ ਕਰ ਰਹੇ ਹਨ। ਭਾਵੇਂ ਉਹ 'ਸਿਖਾ ਹੋਣ ਦਾ ਦਾਅਵਾ ਕਰਨ ਜੋ ਕਿ ਸਿਖ ਜਨਸਮੂਹਾਂ ਦੇ 'ਕਲਿਆਣਾਂ ਅਤੇ 'ਅਜਾਦੀ ਲਈ ਲੜ ਰਹੇ ਹਨ ਅਤੇ ਭਾਵੇਂ ਉਹ 'ਸਮਾਜ ਸੁਧਾਰਕ' ਹੋਣ ਦਾ ,ਪਖੰਡ ਰਚਦੇ ਹੋਣ, ਪਰ ਇਹ ਸਚਾਈ ਸਭ ਦੇ ਸਾਹਮਣੇ ਹੈ ਕਿ ਅੱਤਵਾਦੀ ਖਾਲਿਸਤਾਨੀ ਭਾਰਤ ਦੇਸ਼, ਸੂਬੇ ਪੰਜਾਬ, ਸਿਖ ਜਨਸਮੂਹ' ਅਤੇ ਸਿਖ ਧਰਮ ਦੀਆਂ ਨਰੋਈਆਂ ਰਵਾਇਤਾਂ ਦੇ ਵਿਰੁਧ ਕੰਮ ਕਰ ਰਹੇ ਹਨ ਅਤੇ ਸਾਮਰਾਜੀ ਦੇਸ਼ਾਂ ਤੋਂ ਪੈਸਾ ਲੈ ਕੇ ਕੌਮੀ ਹਿਤਾਂ ਨਾਲ ਗੱਦਾਰੀ ਕਰ ਰਹੇ ਹਨ।

ਯੂ. ਪੀ. ਵਿਚ ਰਾਮ ਜਨਮ ਭੂਮੀ/ ਬਾਬਰੀ ਮਸਜਿਦ ਦਾ ਇਕ ਵਿਵਾਦ ਹੈ, ਜਿਸ ਨੇ ਸਮੁਚੇ ਉਤਰੀ ਅਤੇ ਕੇਂਦਰੀ ਭਾਰਤ ਨੂੰ ਫਿਰਕੂ ਲਾਵੇ ਦੇ ਐਨ ਦਰਵਾਜ਼ੇ ਉਤੇ ਲਿਆ ਖੜਾ ਕੀਤਾ ਹੈ। ਹਿੰਦੂ ਕੱਟੜਪੰਥੀਆਂ ਅਤੇ ਫਿਰਕਾਪ੍ਰਸਤਾਂ ਨੇ ਜਿਸ ਦੀ ਅਗਵਾਈ ਵਿਸ਼ਵ ਹਿੰਦ ਪ੍ਰੀਸਦ, ਆਰ. ਐਸ. ਐਸ. ਅਤੇ ਹੁਣ ਭਾਰਤੀ ਜਨਤਾ ਪਾਰਟੀ ਵੀ ਕਰਦੀਆਂ ਹਨ, ਇਸ ਸਵਾਲ ਉਤੇ ਹਿੰਦੂ ਜਨ ਸਮੂਹਾਂ ਦੇ ਜਜ਼ਬਾਤਾਂ ਨੂੰ ਉਭਾਰਨ ਵਿਚ ਲੱਗੀਆਂ ਹੋਈਆਂ ਹਨ। 9 ਨਵੰਬਰ ਨੂੰ ਦੇਸ਼ ਦੇ ਹਰ ਪਿੰਡ ਵਿਚੋਂ ਲਿਆਂਦੀਆਂ ਇਟਾਂ ਨੂੰ ਗੰਗਾ ਵਿਚ 'ਨੁਹਾ ਕੇ' ਮੰਦਰ ਉਸਾਰਿਆ ਜਾਵੇਗਾ ਜਿਥੇ ਰਾਮਚੰਦਰਜੀ ਨੇ ਉਨਾਂ ਦੇ ਸ਼ਬਦਾਂ ਵਿਚ ਅਵਤਾਰ ਧਾਰਿਆ ਹੈ। ਇਸ ਮੁਦੇ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਉਭਾਰਨ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਆਰ. ਐਸ. ਐਸ. ਦੇ ਬਾਨੀ ਹੈਡਗੇਵਾਰ ਦੇ ਜਨਮ ਦਿਨ ਦੀ ਸ਼ਤਾਬਦੀ ਦੇ ਸਬੰਧ ਵਿਚ ਦੇਸ਼ ਭਰ ਵਿਚ ਹਿੰਦੂ ਫਿਰਕਾਪ੍ਰਸਤੀ ਨੂੰ ਹਵਾ ਦੇਣ ਵਾਲੇ ਜਿਹੜੇ ਨਾਅਰੇ, ਲਿਖੇ ਗਏ, ਮੀਟਿੰਗਾ ਅਤੇ ਹੋਰ ਸਮਾਗਮ ਕੀਤੇ ਗਏ, ਨੇ ਵੀ ਦੇਸ਼ ਵਿਚ ਧਰਮ ਨਿਰਪੱਖ ਕਦਰਾਂ ਕੀਮਤਾਂ ਅਤੇ ਦੇਸ਼ ਦੀ ਏਕਤਾ ਦੀਆਂ ਭਾਵਨਾਵਾਂ ਨਹੀਂ ਪੈਦਾ ਕੀਤੀਆਂ ਸਗੋਂ ਫਿਰਕਾਪ੍ਰਸਤੀ ਨੂੰ ਹਵਾ ਦਿਤੀ ਗਈ। ਭਾਵੇਂ ਇਹ ਸਾਰਾ ਕੁਝ 'ਕੌਮ ਪ੍ਰਸਤੀ' ਦੇ ਨਾਂ ਉਤੇ ਕੀਤਾ ਜਾ ਰਿਹਾ ਹੈ, ਪ੍ਰੰਤੂ ਇਸ ਦੇ ਮਾਰੂ ਸਿਟੇ ਕਿੰਨੇ ਭਿਆਨਕ ਨਿਕਲਣਗੇ, ਦਾ ਅੰਦਾਜਾ ਲਾਉਣਾ ਵੀ ਮੁਸ਼ਕਿਲ ਹੈ। ਇਸ ਸਵਾਲ ਉਤੇ ਮੁਸਲਮਾਨ ਕੱਟੜਪੰਥੀਆਂ ਦਾ ਸਟੈਂਡ ਵੀ ਮਸਲੇ ਨੂੰ ਹਲ ਕਰਨ ਵਾਲਾ ਨਹੀਂ ਹੈ ਸਗੋਂ ਫਿਰਕਾਪ੍ਰਸਤੀ ਨੂੰ ਸ਼ਹਿ ਦਿੰਦੀ ਹੈ।


ਸਿੰਘ ਫੂਡਜ਼

ਹਰੀਆਂ ਤਾਜ਼ੀਆਂ ਸਬਜ਼ੀਆਂ ਹਫਤੇ ਦੇ ਸੱਤੇ ਦਿਨ ਮਿਲਦੀਆਂ ਹਨ

ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੌਸਰੀ ਖ਼ੀਦਣ ਤੇ ਸਪੈਸ਼ਲ ਡਿਸਕਾਊਂਟ ਹੋਵੇਗਾ

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਫ਼ੋਨ : 327-4911

SINGH FOODS

6684 ਮੇਨ ਸਟਰੀਟ, (51 ਐਵੇਨਿਊ) ਵੈਨਕੂਵਰ, ਬੀ. ਸੀ.

'ਸ਼ਿਵ ਸੈਨਾ' ਦੇ ਆਗੂ ਬਾਲ ਠਾਕਰ ਨ ਅਜਿਹਾ ਹੀ ਸਵਾਲ 'ਕ੍ਰਿਸ਼ਨ ਜਨਮ ਭੂਮੀ' ਨੂੰ ਲੈ ਕੇ ਖੜਾ ਕਰ ਦਿਤਾ। ਸ਼ਿਵ ਸੈਨਾ ਜਿਸ ਦੀਆਂ ਉਂਗਲਾ ਪਹਿਲਾਂ ਹੀ ਮਹਾਂ-ਰਾਸ਼ਟਰਾ ਵਿਚ ਫਿਰਕੂ ਦੰਗੇ ਭੜਕਾ ਕੇ ਬੇ-ਗੁਨਾਹਾਂ ਦੇ ਖ਼ੂਨ ਨਾਲ ਰੰਗੀਆਂ ਪਈਆਂ ਹਨ, ਨੇ ਹੁਣ ਆਪਣੇ ਪੈਰ ਦੇਸ਼ ਦੇ ਬਾਕੀ ਹਿਸਿਆਂ ਵਿਚ ਪ੍ਰਾਰਨ ਦਾ ਬੀੜਾ ਚੁਕ ਲਿਆ ਹੈ। ਉਤਰ ਪੂਰਬੀ ਖਿਤੇ ਵਿਚ ਸਾਮਰਾਜੀ ਏਜੰਜੀਆਂ ਜਿਹੜੀਆਂ ਆਪਣੇ ਮਿਸ਼ਨਰੀਆਂ ਰਾਹੀਂ ਕਬਾਇਲੀ ਤੇ ਹੋਰ ਲੋਕਾਂ ਵਿਚ ਵਖਵਾਦ ਦੇ ਬੀਜ ਬੀਜ ਰਹੀਆਂ ਹਨ, ਪਹਿਲਾਂ ਹੀ ਕਾਫੀ ਸਰ-ਗਰਮ ਹਨ।

ਇਥੇ ਇਹ ਗਲ ਦੁਹਰਾਉਣ ਦੀ ਲੋੜ ਨਹੀਂ ਹੈ ਕਿ ਕੇਂਦਰੀ ਸਰਕਾਰ ਨੇ ਇਸ ਪ੍ਰਸਥਿਤੀ ਦਾ ਟਾਕਰਾ ਕਰਨ ਅਤੇ ਮਸਲੇ ਨੂੰ ਸੁਲਝਾਉਣ ਲਈ ਜੋ ਨੀਤੀ ਅਖਤਿਆਰ ਕੀਤੀ ਹੈ, ਉਹ ਬਹੁਤ ਹੀ ਹਾਨੀਕਾਰਕ ਅਤੇ ਦੇਸ਼ ਦੇ ਹਿਤਾਂ ਦੇ ਵਿਰੁੱਧ ਹੈ। ਲੋਕਾਂ ਨੂੰ ਇਸ ਸੰਭਾਵੀ ਖਤਰਨਾਕ ਹਾਲਤਾਂ ਦਾ ਮੁਕਾਬਲਾ ਕਰਨ ਲਈ ਸਿਧਾਂਤਕ ਪੱਖੋਂ ਤਿਆਰ ਕਰਨ ਲਈ ਆਪਣੇ ਪ੍ਰਚਾਰ ਸਾਧਨਾਂ ਦੀ ਵਰਤੋਂ ਕਰਨ ਦੀ ਥਾਂ ਧਾਰਮਕ ਭਾਵਨਾਵਾਂ ਨੂੰ ਆਪਣੇ ਸੌੜੇ ਸਿਆਸੀ ਹਿਤਾਂ ਲਈ ਵਰਤਣ ਦਾ ਯਤਨ ਕੀਤਾ ਜਾ ਰਿਹਾ ਹੈ। ਬਹੁਤ ਵਾਰੀ ਤਾਂ ਵਿਰੋਧੀ ਸਿਆਸੀ ਪਾਰਟੀਆਂ ਦੇ ਰਾਜਾਂ ਵਿਚ ਉਥੋਂ ਦੀ ਸਰਕਾਰ ਨੂੰ ਪ੍ਰੇਸ਼ਾਨ ਕਰਨ ਲਈ ਅਜਿਹੀਆਂ ਵਖਵਾਦੀ ਲਹਿਰਾਂ ਨੂੰ ਹਵਾ ਦੇਣ ਤੋਂ ਵੀ ਕੇਂਦਰੀ ਕਾਂਗਰਸ ਸਰਕਾਰ ਨਹੀਂ ਹਿਚਕਚਾਉਂਦੀ। ਕਿਸੇ ਇਲਾਕੇ ਜਾਂ ਪ੍ਰਾਂਤ ਵਿਚ ਉਠੀ ਵਖਵਾਦੀ ਜਾਂ ਫਿਰਕਾਪ੍ਰਸਤ ਲਹਿਰ ਨੂੰ ਜਮਹੂਰੀ ਜਾਂ ਧਰਮ ਨਿਰਪੱਖ ਅਸੂਲਾਂ ਤੋਂ ਹੱਲ ਕਰਨ ਦੀ ਥਾਂ ਜਿਸ ਨਾਲ ਦੇਸ਼ ਦੀ ਏਕਤਾ ਲਈ ਲੜਨ ਵਾਲੀਆਂ ਸ਼ਕਤੀਆਂ ਮਜਬੂਤ ਹੋਣ, ਨੂੰ ਵੀ ਆਪਣੀ ਸਿਆਸੀ ਗਿਣਤੀਆਂ ਮਿਣਤੀਆਂ ਨਾਲ ਹੀ ਦੇਖਿਆ ਜਾਂਦਾ ਹੈ।

ਇਸ ਸੰਦਰਭ ਵਿਚ ਇਕ ਪਾਸੇ ਐਸੀ ਸਰਕਾਰ, ਜਿਹੜੀ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਕਰਨ ਦੇ ਅਯੋਗ ਹੋਵੇ ਅਤੇ ਦੇਸ਼ ਦੇ ਜਮਹੂਰੀ ਅਤੇ ਧਰਮ ਨਿਰਪੱਖ ਤਾਣੇ ਬਾਣੇ ਨੂੰ ਢਹਿ ਢੇਰੀ ਕਰ ਰਹੀ ਹੋਵੇ, ਦਾ ਐਸੀਆਂ ਸ਼ਕਤੀਆਂ, ਭਾਵੇਂ ਉਹ ਆਪਣੇ ਆਪ ਨੂੰ ਕਾਂਗਰਸ ਸਰਕਾਰ ਦਾ ਮੁਤਬਾਦਲ ਦੇ ਤੌਰ ਤੇ ਪੇਸ਼ ਕਰਨ ਜਿਹੜੀਆਂ ਲੋਕਾਂ ਨੂੰ ਧਾਰਮਕ ਫਿਰਕਾ-ਪ੍ਰਸਤੀ ਦੀ ਹਨੇਰੀ ਨਾਲ ਚੁੰਧਿਆਣਾ ਚਾਹੁੰਦੀਆਂ ਹਨ ਤੇ ਹਕੀਕੀ ਚਿਹਰੇ ਨੂੰ ਵੀ ਪਛਾਨਣ ਦੀ ਲੋੜ ਹੈ ਜਿਹੜੀ ਸ਼ਕਤੀ ਧਰਮ ਨੂੰ ਸਿਆਸੀ ਹਿਤਾਂ ਲਈ ਇਸਤੇਮਾਲ ਕਰੇ, ਫਿਰਕਾਪ੍ਰਸਤ ਸਵਾਲ ਜਿਵੇਂ ਰਾਮ ਜਨਮਭੂਮੀ/ਬਾਬਰੀ ਮਸਜਿਦ ਆਦਿ ਨੂੰ ਫਿਰਕੂ ਜਨੂੰਨ ਉਭਾਰਨ ਲਈ ਇਸਤੇਮਾਲ ਕਰੇ, ਇਕ ਖਾਸ ਧਰਮ ਦੇ ਵਡਿਆਉਣ ਅਤੇ ਦੂਸਰੇ ਧਰਮਾਂ ਨੂੰ ਨੀਵਾਂ ਦਿਖਾਉਣ ਲਈ ਪ੍ਰਚਾਰ ਕਰੇ, ਘੱਟ ਗਿਣਤੀ ਲੋਕਾਂ ਦੇ ਹਿਤਾਂ ਦੀ ਰੱਖਿਆ ਨੂੰ ਨਜ਼ਰ ਅੰਦਾਜ ਕਰੇ, ਭਾਵੇਂ ਉਹ ਆਪਣੇ ਆਪ ਨੂੰ ਸੰਘਾ ਪਾੜ ਪਾੜ ਕੇ 'ਦੇਸ਼ ਭਗਤ ਅਤੇ 'ਕੌਮ ਪ੍ਰਸਤਾ ਹੋਣ ਦਾ ਢੰਡੋਰਾ ਪਿੱਟੇ, ਅਸਲ ਵਿਚ ਉਹ ਦੇਸ਼ ਦੀ ਏਕਤਾ ਅਤੇ ਅਖੰਡਤਾ ਅਤੇ ਫਿਰਕੂ ਸਦਭਾਵਨਾ ਦੇ ਜੜੀਂ ਤੇਲ ਦੇਣ ਦਾ ਕੰਮ ਕਰਦੀ ਹੈ। ਦੇਸ਼ ਦੀ ਏਕਤਾ ਦੀ ਰਾਖੀ ਕਿਸੇ ਖਾਸ ਧਰਮ ਦੀ ਸਰਦਾਰੀ ਕਾਇਮ ਕਰਕੇ ਜਾਂ ਫਿਰਕਾਪ੍ਰਸਤੀ ਉਭਾਰਕੇ ਨਹੀਂ ਕੀਤੀ ਜਾ ਸਕਦੀ, ਸਗੋਂ ਧਰਮ ਨਿਰਪੱਖਤਾ (ਜਿਸ ਵਿਚ ਧਰਮ ਅਤੇ ਰਾਜਨੀਤੀ ਦਾ ਕੋਈ ਮੇਲ ਨਾ ਹੋਵੇ, ਦੂਸਰੇ ਧਰਮਾਂ ਦਾ ਸਤਿਕਾਰ, ਬੁਨਿਆਦ ਪ੍ਰਸਤੀ ਤੇ ਰਹਿਤ ਧਾਰਮਕ ਵਿਸ਼ਵਾਸ਼ ਰੱਖਣ ਦੀ ਅਜਾਦੀ ਦੇ ਅਧਾਰ ਤੇ ਹੀ ਕੀਤੀ ਜਾ ਸਕਦੀ ਹੈ।

ਧਾਰਮਕ ਜਨੂੰਨੀ ਅਤੇ ਬੁਨਿਆਦ-ਪ੍ਰਸਤ ਭਾਵੇਂ ਉਹ ਕਿਸੇ ਰੰਗ ਜਾਂ ਰੂਪ ਦੇ ਵਿਚ ਹੋਣ, ਪ੍ਰੰਤੂ ਅਸਲੀਅਤ ਵਿਚ ਉਹ ਇਕ ਹੀ ਖਾਸੇ ਦੇ ਹੁੰਦੇ ਹਨ। ਪੰਜਾਬ ਵਿਚ ਜਰਨੈਲ ਸਿੰਘ ਭਿੰਡਰਾਂਵਾਲੇ ਇਹ ਗਲ ਆਮ ਆਖਿਆ ਕਰਦੇ ਸਨ ਕਿ ਹਰ ਹਿੰਦੂ ਨੂੰ ਪੱਕਾ ਹਿੰਦੂ ਬਣਨਾ ਚਾਹੀਦਾ ਹੈ ਭਾਵ ਕੱਟੜਵਾਦੀ ਹਿੰਦੂ ਹਾਲਾ ਕਿ ਜਿਹੜੇ ਅਤਵਾਦੀ ਬੇਗੁਨਾਹ ਹਿੰਦੂਆਂ ਦਾ (ਭਾਵੇਂ ਹੁਣ ਉਹ ਬਿਨਾਂ ਧਾਰਮਕ ਭੇਦਭਾਵ ਦੇ) ਖ਼ੂਨ ਕਰਦੇ ਸਨ, ਉਨਾਂ ਨੂੰ ਭਿੰਡਰਾਂਵਾਲੇ 'ਬਹਾਦਰ' ਹੋਣ ਦਾ ਰੁਤਬਾ ਦਿੰਦੇ ਸਨ। ਇਹ ਗਲ ਸਪਸ਼ਟ ਹੈ ਕਿ ਫਿਰਕਾਪ੍ਰਸਤੀ ਅਤੇ ਦੇਸ਼ ਭਗਤੀ ਇਕੱਠੀਆਂ ਨਹੀਂ ਤੁਰ ਸਕਦੀਆਂ। ਇਸ ਲਈ ਦੇਸ਼ ਦੀ ਏਕਤਾ ਦੀ ਰਾਖੀ ਜਮਹੂਰੀ ਅਤੇ ਧਰਮ ਨਿਰਪੱਖ ਸ਼ਕਤੀਆਂ ਨੂੰ ਆਪ ਇਕਮੁਠ ਹੋ ਕੇ ਕਰਨੀ ਪਵੇਗੀ ਜਿਸ ਵਿਚ ਕੇਂਦਰੀ ਸਰਕਾਰ ਅਤੇ ਫਿਰਕਾਪ੍ਰਸਤ ਸ਼ਕਤੀਆਂ ਦੀ ਕੋਈ ਥਾਂ ਨਹੀਂ ਹੈ।

## ਲੋਕਤਾ ਨੂੰ ਸਹਾਇਤਾ

- ਸ੍ਰੀ ਇਕਬਾਲ ਸਿੰਘ ਬੈਂਸ ਕੈਮਲੂਪਸ ਨੇ ਏਕਤਾ ਲਈ 40 ਡਾਲਰ ਸਹਾਇਤਾ ਭੇਜੀ ਹੈ।
- ਜੈਲਦਾਰ ਸ੍ਰ. ਹਰਬੰਸ ਸਿੰਘ ਸੰਘੇੜਾ ਨੇ ਆਪਣੇ ਸਪੁੱਤਰ ਸ੍ਰ. ਬੁਲੰਦ ਇਕਬਾਲ ਸੰਘੇੜਾ ਦੀ ਸ਼ਾਦੀ ਬੀਬੀ ਜਸਜੀਤ ਕੌਰ ਦੇ ਨਾਲ ਸ਼ੁਭ ਮੌਕੇ ਤੇ —500 ਡਾਲਰ ਦਿੱਤੇ।

ਲੋਕਤਾ ਬੋਰਡ ਵਲੋਂ ਬਹੁਤ ਬਹੁਤ ਧੰਨਵਾਦ।

# ਅਮਰ ਕਥਾ—ਵਿਸਾਖੀ

### ਦਰਸ਼ਨ ਸਿੰਘ ਮਾਸਟਰ

ਤਾਰੀਖ ਸੁਨਹਿਰੀ ਵਿਰਸੇ ਦੀ
ਨੀ ਅਮਰਕਥਾ ਮਤਵਾਲੜੀਏ !

ਰਹੇ ਗੌਂਦੇ ਤਵਾ ਪਰਾਤ ਕੁੜੇ !
ਕਰ ਮਿਹਰਾਂ ਦੀ ਬਰਸਾਤ ਕੁੜੇ
ਤੂੰ ਨਾਲ ਰਿਜ਼ਕ ਦੀ ਦਾਤ ਕੁੜੇ
ਹਰ ਸਾਲ ਭੜਲੇ ਭਰ ਜਾਵੇਂ
ਮਿੱਟੀ, ਤੇ ਮਿਹਨਤ, ਮੁੜਕੇ ਨੂੰ
ਸੋਨਾ ਹੀ ਸੋਨਾ ਕਰ ਜਾਵੇਂ
ਉਪਜਾਂ ਦੇ ਮਹਿਲ-ਬਨੇਰੇ ਤੇ
ਨੀਂਫਿਰੀ ਸੁਨਹਿਰੀ ਝਾਲੜੀਏ—

ਚੌਕੇ ਵਿਚ ਦਲੀਏ ਰਿੱਧੇ ਨੀ
ਵਿਹੜੇ ਵਿਚ ਪੈਂਦੇ ਗਿੱਧੇ ਨੀ
ਹੋ ਹੋ ਕੇ ਪੁੱਠੇ ਸਿੱਧੇ ਨੀ
ਕੁਝ ਬੋਝਾ ਲੱਥੇ ਕਰਜ਼ ਦਾ
ਕੁਝ ਪੇਟ ਭਰੀਵੇ ਗਰਜ਼ਾਂ ਦਾ
ਕੁਝ ਖਾ ਹੋਵੇ ਕੁਝ ਪੀ ਹੋਵੇ
ਹੋ ਹੋ ਕੇ ਖੀਵੇ ਜੀ ਹੋਵੇ
ਬੂਹਲਾਂ ਦੀ ਛਾਵੇਂ ਬੈਠੜੀਏ !
ਸੁਖਦਾਤੀ ਘੜੀ ਸੁਖਾਲੜੀਏ !!
ਤਾਰੀਖ ਸੁਨਹਿਰੀ ਵਿਰਸੇ ਦੀ
ਨੀ ਅਮਰਕਥਾ ਮਤਵਾਲੜੀਏ !
ਉਫ ! ਬਦਲ ਗਏ ਹਾਲਾਤ ਕੁੜੇ
ਕਿ ਗੌਂਦੇ ਤਵਾ ਪਰਾਤ ਕੁੜੇ
ਅੱਜ ਪੌਂਦੇ ਗਮ ਦੀ ਬਾਤ ਕੁੜੇ
ਅੰਬਰ ਤੇ ਛਾਈ ਗਹਿਰ ਜਹੀ
ਮਿੱਟੀ ਤੇ ਮਿਹਨਤ ਮੁੜਕੇ ਨੂੰ
ਜਾਂਦੀ ਏ ਚੜ੍ਹਦੀ ਜ਼ਹਿਰ ਜਹੀ
ਪਾ ਫੇਰਾ ਫੇਰ ਵਸਾਖੜੀਏ !
ਉੱਨੀ ਸੌ ਉੱਨੀ ਵਾਲੜੀਏ !!—

ਤੇਰਾਂ—ਅਪਰੈਲ—ਤਰੀਕੇ ਨੀ !
ਆਸਾ ਭਰਪੂਰ ਉਡੀਕੇ ਨੀ !
ਆ ਛੇਤੀ ਕਾਨੀ ਚੀਕੇ, ਨੀ !
ਇਤਿਹਾਸ—ਝਰੋਖਾ ਖੋਹਲਕੁੜੇ
ਯਾਦਾਂ ਨੂੰ ਤਾਜ਼ਾ ਕਰ ਲਈਏ
ਖੜ ਜਲਿਆਂਵਾਲੇ ਕੋਲ ਕੁੜੇ
ਦਰਦਾਂ ਦਾ ਦਾਰੂ ਭਾਲੜੀਏ
ਤਾਰੀਖ ਸੁਨਹਿਰੀ ਵਿਰਸੇ ਦੀ
ਨੀ ਅਮਰ ਕਥਾ ਮਤਵਾਲੜੀਏ !
ਨਫਰਤ ਦੇ ਘੋਰ ਹਨੇਰੇ ਵਿਚ
ਸਾਂਝਾਂ ਦੇ ਦੀਵੇ ਬਾਲੜੀਏ
ਤੇ ਉਨੀ ਸੌ ਉਨੀ ਵਾਲਾ
ਫਿਰ ਜਗਮਗ-ਰੂਪ ਵਖਾਲੜੀਏ
ਤਾਰੀਖ ਸੁਨਹਿਰੀ ਵਿਰਸੇ ਦੀ !
ਨੀ ਅਮਰ ਕਥਾ ਮਤਵਾਲੜੀਏ !!

# ਖ਼ੂਨ ਸ਼ਹੀਦਾਂ ਦਾ

ਅੱਤਵਾਦੀ ਖ਼ਾਲਿਸਤਾਨੀ ਦਹਿਸ਼ਤਗਰਦਾਂ ਹਥੋਂ ਸ਼ਹੀਦ ਹੋਏ ਉੱਘੇ ਆਲੋਚਕ ਤੇ ਲੇਖਕ ਡਾ: ਰਵਿੰਦਰ ਰਵੀ ਦੇ ਕਤਲ ਦੀ ਨਖੇਧੀ ਅਤੇ ਇਸ ਪਿਛੋਕੜ ਵਿਚ ਅੱਤਵਾਦੀ ਤੱਤਾਂ ਵਿਰੁੱਧ ਗੁੱਸੇ ਦੀ ਲਹਿਰ ਖ਼ਬਰ ਏਜੰਸੀਆਂ ਰਾਹੀਂ ਪੜੀ ਸੁਣੀ ਹੀ ਜਾ ਰਹੀ ਸੀ ਕਿ ਜ਼ਿਲਾ ਫ਼ੀਰੋਜ਼ਪੁਰ ਦੇ ਪਿੰਡ ਚਕ ਕਨੀਆਂ ਵਿਚ ਸਾਥੀ ਦਲੀਪ ਸਿੰਘ ਤੇ ਉਹਨਾਂ ਦੇ ਪਰਵਾਰ ਦੇ ਚਾਰ ਹੋਰ ਮੈਂਬਰਾਂ ਦੇ ਅੱਤਵਾਦੀ ਤੱਤਾਂ ਵਲੋਂ ਕੀਤੇ ਗਏ ਕਤਲ ਨੇ ਦਿਲ ਵਿਲੂੰਦਰਕੇ ਰੱਖ ਦਿੱਤਾ।

ਕਮਿਊਨਿਸਟ ਪਰਵਾਰ ਨੂੰ ਕਤਲ ਕਰਨ ਦੀ ਇਹ ਕੋਈ ਪਹਿਲੀ ਖ਼ਬਰ ਨਹੀਂ ਸੀ। ਅੱਤਵਾਦੀ ਤੱਤ ਇਸ ਤੋਂ ਪਹਿਲਾਂ ਸੀ. ਪੀ. ਆਈ ਦੇ ਵਰਕਰਾਂ ਦੇ ਦੋ ਤਿੰਨ ਪਰਵਾਰਾਂ ਨੂੰ ਸ਼ਹੀਦ ਕਰ ਚੁਕੇ ਹਨ। ਇਸ ਤੋਂ ਬਿਨਾ ਇਕ ਸੌ ਤੋਂ ਵੱਧ ਕਮਿਊਨਿਸਟ ਵਰਕਰ ਅਤੇ ਆਗੂ ਵੀ ਇਹਨਾਂ ਹਥੋਂ ਸ਼ਹੀਦ ਹੋ ਚੁਕੇ ਹਨ।

ਅੱਤਵਾਦੀ-ਖੱਖਵਾਦੀ ਤੱਤ ਕਮਿਊਨਿਸਟ ਵਰਕਰਾਂ ਅਤੇ ਕਮਿਊਨਿਸਟ ਪਰਵਾਰਾਂ ਨੂੰ ਇਸ ਕਰਕੇ ਨਿਸ਼ਾਨਾ ਬਣਾ ਰਹੇ ਹਨ ਤਾਂ ਜੋ ਇਹਨਾਂ ਤੱਤਾਂ ਦੇ ਹੋ ਰਹੇ ਦ੍ਰਿੜ ਵਿਰੋਧ ਦੀ ਆਵਾਜ਼ ਬੰਦ ਕੀਤੀ ਜਾ ਸਕੇ।

ਇਸ ਗੱਲ ਵਿਚ ਕੋਈ ਵੀ ਸ਼ੱਕ ਨਹੀਂ ਕਿ ਪੰਜਾਬ ਅੰਦਰ ਕਮਿਊਨਿਸਟ ਬੜੇ ਹੀ ਦਲੇਰੀ ਅਤੇ ਜੁਰਤ ਨਾਲ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁੱਧ ਹਰ ਪੱਧਰ ਉੱਤੇ ਸੰਗਰਾਮ ਲੜਦੇ ਚਲੇ ਆ ਰਹੇ ਹਨ ਅਤੇ ਇਹਨਾਂ ਨੂੰ ਵੱਡੀਆਂ ਕੁਰਬਾਨੀਆਂ ਵੀ ਦੇਣੀਆਂ ਪੈ ਰਹੀਆਂ ਹਨ। ਇਹਨਾਂ ਕੁਰਬਾਨੀਆਂ ਦੀ ਲਿਸਟ ਹੋਰ ਵੀ ਲੰਬੀ ਹੋ ਸਕਦੀ ਹੈ ਪਰ ਇਕ ਗੱਲ ਬੜੀ ਹੀ ਸਪੱਸ਼ਟ ਹੈ ਕਿ ਕਮਿਊਨਿਸਟ ਅੱਤਵਾਦੀ ਵੱਖਵਾਦੀ ਤੱਤਾਂ ਬਾਰੇ ਜੋ ਕੁਝ ਵੀ ਆਰੰਭ ਵਿਚ ਕਹਿੰਦੇ ਆ ਰਹੇ ਸਨ ਉਹ ਠੀਕ ਸਾਬਤ ਹੋਇਆ ਹੈ—ਅਤੇ ਆਮ ਸਿੱਖ ਜਨਤਾ ਵੀ ਅੰਦਰ ਖਾਤੇ ਇਹਨਾਂ ਵਿਰੁੱਧ ਨਫ਼ਰਤ ਦਾ ਪ੍ਰਗਟਾਵਾ ਕਰਨ ਲੱਗ ਪਈ ਹੈ ਅਤੇ ਇਹ ਗੱਲ ਆਖਣ ਲੱਗ ਪਈ ਹੈ ਕਮਿਊਨਿਸਟ ਠੀਕ ਕਹਿੰਦੇ ਹੁੰਦੇ ਸਨ।

ਜਦੋਂ ਇਹ ਤੱਤ ਆਮ ਸਿਖ ਜਨਤਾ ਨਾਲੋਂ ਨਿਖੜਦੇ ਜਾ ਰਹੇ ਹਨ ਤਾਂ ਲੋੜ ਇਸ ਗੱਲ ਦੀ ਹੈ ਕਿ ਇਹਨਾਂ ਨੂੰ ਹੋਰ ਨਖੇੜਨ ਵਾਲੇ ਕਦਮ ਵੀ ਪੁੱਟੇ ਜਾਣ ਅਤੇ ਇਹਨਾਂ ਨੂੰ ਕਾਬੂ ਕਰਨ ਲਈ ਵੀ ਹਰ ਪੱਧਰ ਉੱਤੇ ਸਰਗਰਮੀ ਕੀਤੀ ਜਾਵੇ। ਪਰ ਦੁਖਦਾਇਕ ਗੱਲ ਇਹ ਹੈ ਕਿ ਸਰਕਾਰ ਦੀ ਪਾਲਸੀ ਡੰਗ ਟਪਾਉਣ ਵਾਲੀ ਹੈ, ਅਰਥਾ ਪੰਜਾਬ ਸਮੱਸਿਆ ਦੇ ਸਿਆਸੀ ਹੱਲ ਲਈ ਸਰਕਾਰ ਗੰਭੀਰ ਨਹੀਂ। ਇਸ ਤਰਾਂ ਦੀ ਸਥਿਤੀ ਵਿਚ ਹਾਲੇ ਪੰਜਾਬ ਅੰਦਰ ਬੇਗੁਨਾਹ ਲੋਕਾਂ ਦਾ ਖ਼ੂਨ ਵੀ ਬਹੇਗਾ ਅਤੇ ਅੱਤਵਾਦੀ ਤੱਤਾਂ ਵਿਰੁੱਧ ਲੜ ਰਹੇ ਯੋਧਿਆਂ ਵਲੋਂ ਸ਼ਹੀਦੀਆਂ ਪਾ ਜਾਣ ਦੀ ਲਿਸਟ ਵੀ ਹੋਰ ਲੰਮੀ ਹੋਵੇਗੀ।

ਸਾਥੀ ਦਲੀਪ ਸਿੰਘ ਏ ਉਹਨਾਂ ਦੇ ਪਰਵਾਰ ਦੇ ਕਤਲ ਦੀ ਕਹਾਣੀ ਨੂੰ ਹੀ ਲਓ ' ਜਿਹੜੇ ਅੱਤਮਾਦੀ ਗਰੋਹ ਨੇ ਇਹ ਕਾਰਾ ਕੀਤਾ ਉਹ ਧਰਮ ਕੋਟ ਖੇਤਰ ਵਿਚ ਘੁੰਮਦਾ ਫਿਰਦਾ ਹੈ ਅਤੇ ਵਾਰਦਾਤਾਂ ਕਰਦਾ ਹੈ। ਪੁਲਸ ਨੇ ਇਸ ਗਰੋਹ ਦੇ ਇਕ ਮੈਂਬਰ ਨੂੰ ਕੁਝ ਸਮਾਂ ਪਹਿਲਾਂ ਗ੍ਰਿਫ਼ਤਾਰ ਕੀਤਾ ਅਤੇ ਫੇਰ ਪਿਛੋਂ ਜ਼ਮਾਨਤ ਤੇ ਰਿਹਾ ਕਰ ਦਿੱਤਾ। ਸਾਥੀ ਦਲੀਪ ਮਿੰਘ ਤੇ ਉਸਦੇ ਪਰਵਾਰ ਨੂੰ ਕਤਲ ਕਰਨ ਵਾਲਿਆਂ ਵਿਚ ਇਹ ਜ਼ਮਾਨਤ ਤੇ ਆਇਆ ਅੱਤਵਾਦੀ ਵੀ ਸ਼ਾਮਲ ਹੈ। ਸਪੱਸ਼ਟ ਹੀ ਹੈ ਕਿ ਇਸ ਨੂੰ ਜਮਾਨਤ ਤੇ ਰਿਹਾ ਕਰਨ ਵਿਚ ਪੁਲਸ ਨੇ ਜ਼ਰੂਰ ਹੀ ਕੋਈ ਘਾਲਾਂਮਾਲਾ ਕੀਤਾ ਰੋਵੇਗਾ।

ਧਰਮ ਕੋਟ ਦੇ ਖੇਤਰ ਵਿਚ ਸੀ. ਪੀ. ਆਈ (ਐਮ) ਆਗੂ ਸਾਥੀ ਦਲੀਪ ਸਿੰਘ ਕਾਫੀ ਸਰਗਰਮ ਸੀ ਅਤੇ ਉਹ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁੱਧ ਸਰਗਰਮ ਪਰਚਾਰ ਕਰਦਾ ਚਲਾ ਆ ਰਿਹਾ ਸੀ। ਇਸ ਪਹਿਲੂ ਤੋਂ ਇਸ ਅੱਤਵਾਦੀ ਟੋਲੇ ਨੇ ਉਹਨਾਂ ਨੂੰ ਆਪਣਾ ਨਿਸ਼ਾਨਾ ਬਣਾ ਲਿਆ ਅਤੇ ਉਹਨਾਂ ਸਮੇਤ ਸਮੁੱਚਾ ਪਰਵਾਰ ਹੀ ਕਤਲ ਕਰ ਦਿੱਤਾ।

ਇਸ ਗੱਲ ਵਿਚ ਕੋਈ ਵੀ ਸ਼ੱਕ ਨਹੀਂ ਕਿ ਅੱਤਵਾਦੀਆਂ ਵਲੋਂ ਪਰਵਾਰ ਸਮੇਤ ਸਾਥੀ ਦਲੀਪ ਸਿੰਘ ਨੂੰ ਸ਼ਹੀਦ ਕਰ ਦੇਣ ਨਾਲ ਉਸ ਖੇਤਰ ਵਿਚ ਪਾਰਟੀ ਵਲੋਂ ਅੱਤਵਾਦ ਵਿਰੁੱਧ ਲੜੀ ਜਾ ਰਹੀ ਲੜਾਈ ਵਿਚ ਕੁਝ ਢਿੱਲ ਆਵੇਗੀ ਪਰ ਜਿਹੜੇ ਨਿਸ਼ਾਨੇ ਤਹਿਤ ਅੱਤਵਾਦੀਆਂ ਨੇ ਇਹ ਕਾਰਾ ਕੀਤਾ ਹੈ ਉਹ ਪੂਰਾ ਨਹੀਂ ਹੋ ਸਕੇਗਾ। ਇਸ ਵਹਿਸ਼ੀ ਅੱਤਵਾਦੀ ਕਾਰੇ ਨੇ ਕਮਿਊਨਿਸਟਾਂ ਅੰਦਰ ਥਾਂ ਥਾਂ ਗੁੱਸਾ ਤੇ ਰੋਹ ਪੈਦਾ ਕੀਤਾ ਹੈ ਅਤੇ ਗੁਸੇ ਦੀ ਇਸ ਲਹਿਰ ਵਿੱਚ ਹੋਰ ਵੀ ਬਹੁਤ ਸਾਰੀਆਂ ਧਿਰਾਂ ਚੁਪ ਹੁੰਗਾਰਾ ਭਰ ਰਹੀਆਂ ਹਨ।

ਅੱਤਵਾਦੀ-ਵੱਖਵਾਦੀ ਲਹਿਰ ਨੂੰ ਭਾਵੇਂ ਬਾਹਰ ਤੋਂ ਹਰ ਤਰਾਂ ਦੀ ਮਦਦ ਅਤੇ ਸ਼ਹਿ ਮਿਲ ਰਹੀ ਹੈ ਪਰ ਇਹ ਅਜਿਹੀ ਹਨੇਰ ਗਲੀ ਵਿਚ ਦਾਖਲ ਹੋ ਚੁਕੀ ਹੈ ਕਿ ਇਸ ਨੂੰ ਬਾਹਰ ਨਿਕਲਣ ਲਈ ਕੋਈ ਰਸਤਾ ਵਖਾਈ ਨਹੀਂ ਦੇਂਦਾ। ਜੇ ਕੇਂਦਰੀ ਸਰਕਾਰ ਇਸ ਅਵਸਥਾ ਵਿਚ ਕੋਈ ਸਪਸ਼ਟ ਨੀਤੀ ਬਣਾ ਕੇ ਵੱਡਾ ਹੱਲਾ ਮਾਰੇ, ਪੰਜਾਬ ਮਸਲੇ ਦਾ ਕੋਈ ਛੇਤੀ ਸਿਆਸੀ ਹੱਲ ਕਰਕੇ ਦੁਵੱਲੀ ਸੱਟ ਮਾਰੇ ਤਾਂ ਇਹਨਾਂ ਤੱਤਾਂ ਵਿਰੁਧ ਵਿਸ਼ਾਲ ਲਾਮਬੰਦੀ ਕੀਤੀ ਜਾ ਸਕਦੀ ਹੈ ਅਤੇ ਜਿਹੜੇ ਟੋਲੇ ਵੱਖ ਵੱਖ ਖੇਤਰਾਂ ਵਿਚ ਘੁੰਮ ਰਹੇ ਹਨ ਉਹ ਕਾਬੂ ਕੀਤੇ ਜਾ ਸਕਦੇ ਹਨ।

ਪੰਜਾਬ ਦੇ ਹਾਕਮ ਭਾਵੇਂ ਕਿੰਨੇ ਵੀ ਦਾਅਵੇ ਕਰਨ ਕਿ ਉਹ ਅਮਨ ਕਾਨੂੰਨ ਦੀ ਸਥਿਤੀ ਨੂੰ ਬਿਹਤਰ ਬਨਾਉਣ ਲਈ ਪੁਲਸ ਅਤੇ ਨੀਮ-ਫੌਜੀ ਦਲਾਂ ਦੇ ਮੁਖੀਆਂ ਦੀਆ ਉਚ ਪੱਧਰੀਆਂ ਮੀਟਿੰਗਾਂ ਬੁਲਾ ਰਹੇ ਹਨ ਹਾਲਾਤ ਵਿਚ ਉਨਾ ਚਿਰ ਤਕ ਕੋਈ ਬਿਹਤਰੀ ਨਹੀਂ ਆਉਣੀ ਜਿੰਨਾ ਚਿਰ ਤਕ ਮਸਲੇ ਦਾ ਕੋਈ ਸਿਆਸੀ ਨਬੇੜਾ ਨਹੀਂ ਹੁੰਦਾ।

ਪੰਜਾਬ ਮਸਲੇ ਦਾ ਇਕ ਹੋਰ ਪਹਿਲੂ ਵੀ ਹੈ ਅਤੇ ਉਹ ਇਹ ਕਿ ਜਦੋਂ ਅਖਬਾਰਾਂ ਵਿਚ ਇਸ ਕਿਸਮ ਦੀਆਂ ਖਬਰਾਂ ਛਪਦੀਆਂ ਕਿ ਕੇਂਦਰੀ ਸਰਕਾਰ ਫੈਡਰੇਸ਼ਨ ਦੇ ਫਲਾਣੇ ਆਗੂਆਂ ਨਾਲ ਜਾਂ ਦਮਦਮੀ ਟਕਸਾਲ ਦੇ ਫਲਾਣੇ ਆਗੂ ਨਾਲ ਜਾਂ ਫਲਾਣੇ ਅੱਤਵਾਦੀ ਗਰੁਪ ਨਾਲ ਗਲਬਾਤ ਚਲਾ ਰਹੀ ਹੈ ਤਾਂ ਨੌਕਰਸ਼ਾਹੀ ਅਤੇ ਪੁਲਸ ਦੇ ਵਿਸ਼ੇਸ਼ ਹਲਕਿਆਂ ਵਿਚ ਬਹੁਤ ਸਾਰੇ ਭੁਲੇਖੇ ਖੜੇ ਹੁੰਦੇ ਹਨ। ਅਜਿਹੇ ਭੁਲੇਖਿਆਂ ਕਾਰਨ ਉਹ ਅੱਤਵਾਦੀ ਤੱਤਾਂ ਵੱਲ ਕਈ ਹਾਲਤਾਂ ਵਿਚ ਨਰਮ ਪਹੁੰਚ ਵੀ ਅਪਣਾਉਂਦੇ ਹਨ ਤੇ ਕਈਆਂ ਨਾਲ ,ਅੱਖ-ਮਟੱਕਾ ਵੀ ਰਖਣ ਲਗ ਪੈਂਦੇ ਹਨ।

ਕਮਿਊਨਿਸਟ ਪੰਜਾਬ ਅੰਦਰ ਜਿੱਥੇ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁੱਧ ਦ੍ਰਿੜ ਸੰਗਰਾਮ ਜਾਰੀ ਰਖ ਰਹੇ ਹਨ ਅਤੇ ਇਸ ਸੰਗਰਾਮ ਵਿਚ ਉਹਨਾਂ ਨੂੰ ਵੱਡੀਆਂ ਕੁਰਬਾਨੀਆਂ ਦੇਣੀਆਂ ਪੈ ਰਹੀਆਂ ਹਨ ਉਥੇ ਉਹਨਾਂ ਵਲੋਂ ਪੰਜਾਬ ਬਾਰੇ ਕੇਂਦਰ ਦੀ ਮੌਕਾਪ੍ਰਸਤ ਨੀਤੀ ਦੀ ਵੀ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ। ਇਸ ਤੋਂ ਬਿਨਾ ਇਹ ਗਲ ਵੀ ਬਾਰ ਬਾਰ ਆਖੀ ਜਾ ਰਹੀ ਹੈ ਕਿ ਸਾਮਰਾਜੀ ਸ਼ਹਿ ਅਤੇ ਮਦਦ ਪ੍ਰਾਪਤ ਅੱਤਵਾਦੀ-ਵੱਖਵਾਦੀ ਲਹਿਰ ਵਲੋਂ ਖਤਰਿਆਂ ਨੂੰ ਕਿਸੇ ਵੀ ਤਰ੍ਹਾਂ ਘਟਾਕੇ ਨਾ ਵੇਖਆ ਜਾਵੇ। ਪਰ ਰਾਜੀਵ ਸਰਕਾਰ ਸਾਹਮਣੇ ਨਾ ਪੰਜਾਬ ਦੇ ਹਿੱਤ ਹਨ, ਨਾ ਦੇਸ਼ ਦੇ ਹਿੱਤ ਹਨ ਅਤੇ ਨਾ ਹੀ ਉਸ ਨੂੰ ਦੇਸ਼ ਦੀ ਏਕਤਾ ਅਖੰਡਤਾ ਦਾ ਕੋਈ ਫਿਕਰ ਹੈ, ਸਗੋਂ ਉਸਦੇ ਸਾਹਮਣੇ ਤਾਂ ਕੇਵਲ ਆ ਰਹੀਆਂ ਲੋਕ ਸਭਾ ਚੋਣਾਂ ਜਿੱਤ ਕੇ ਗੱਦੀ 'ਤੇ ਮੁੜ ਕਬਜ਼ਾ ਕਰਨਾ ਹੈ। ਉਸਦੀ ਏਸੇ ਤੰਗ-ਸਵਾਰਥੀ ਨੀਤੀ ਕਾਰਨ ਪੰਜਾਬ ਵਿਚ ਲਹੂ ਲਗਾਤਾਰ ਬਹਿ ਰਿਹਾ ਹੈ।

ਸਾਥੀ ਦਲੀਪ ਸਿੰਘ ਅਤੇ ਉਸ ਦੇ ਪਰਵਾਰ ਦੀ ਸ਼ਹਾਦਤ ਨਾਲ ਅੱਤਵਾਦੀ ਤੱਤਾਂ ਹੱਥੋਂ ਸ਼ਹੀਦ ਹੋਣ ਵਾਲੇ ਸੀ. ਪੀ. ਆਈ (ਐਮ) ਆਗੂਆਂ ਤੇ ਵਰਕਰਾਂ ਦੀ ਕਤਾਰ ਹੋਰ ਵੀ ਲੰਮੀ ਹੋ ਗਈ ਹੈ।

ਸਹੀਦ ਦਲੀਪ ਸਿੰਘ ਅਤੇ ਉਸ ਦੇ ਪਰਵਾਰ ਦੀ ਸ਼ਹਾਦਤ ਨੇ ਦੇਸ ਦੀ ਪੱਧਰ ਉਤੇ ਹੀ ਨਹੀਂ ਸਗੋਂ ਕੌਮਾਂਤਰੀ ਪੱਧਰ ਉਤੇ ਇਸ ਤੱਥ ਨੂੰ ਫੇਰ ਉਭਾਰਿਆ ਹੈ ਕਿ ਪੰਜਾਬ ਅੰਦਰ ਕਮਿਊਨਿਸਟ ਮੂਹਰਲੀਆਂ ਕਤਾਰਾਂ ਵਿਚ ਹੋ ਕੇ ਅੱਤਵਾਦੀ ਵੱਖਵਾਦੀ ਤੱਤਾਂ ਵਿਰੁੱਧ ਲੜ ਰਹੇ ਹਨ ਅਤੇ ਦੇਸ਼ ਦੀ ਏਕਤਾ ਅਖੰਡਤਾ ਦੀ ਰਾਖੀ ਦੇ ਸੰਗਰਾਮ ਵਿਚ ਬਲੀਦਾਨ ਦੇ ਰਹੇ ਹਨ।

ਸ਼ਹੀਦ ਦਲੀਪ ਸਿੰਘ ਅਤੇ ਉਸਦੇ ਪਰਵਾਰ ਨੂੰ ਸੱਚੀ ਸ਼ਰਧਾਂਜਲੀ ਏਹੀ ਹੈ ਕਿ ਅਸੀਂ ਦੇਸ਼ ਧਰੋਹੀ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁੱਧ ਸੰਗਰਾਮ ਹੋਰ ਵੀ ਦ੍ਰਿੜਤਾ ਅਤੇ ਦਲੇਰੀ ਨਾਲ ਲੜੀਏ।

ਅੱਤਵਾਦੀ-ਵੱਖਵਾਦੀ ਤੱਤਾਂ ਵਿਰੁੱਧ ਸੰਗਰਾਮ ਵਿਚ ਸ਼ਹੀਦੀਆਂ ਪ੍ਰਾਪਤ ਕਰਨ ਵਾਲਿਆਂ ਦੇ ਡੁਲ੍ਹੇ ਖ਼ੂਨ ਦਾ ਇਕ ਇਕ ਤੁਪਕਾ ਅਜਾਈਂ ਨਹੀਂ ਜਾਵੇਗਾ ਸਗੋਂ ਇਹਨਾਂ ਤੱਤਾਂ ਵਿਰੁੱਧ ਨਫ਼ਰਤ ਅਤੇ ਗੁੱਸੇ ਨੂੰ ਹੋਰ ਭੜਕਾਏਗਾ।

NATIONWIDE NATURAL

NATIONWIDE NATURAL FOOD

9451-VANHORNE WAY RICHMOND B.C.

ਕੈਲੇਫੋਰਨੀਆਂ ਤੋਂ ਸਾਡੀ ਨੈਚਰਲ ਫੂਡ ਦਾ ਵੈਨ ਲੋਡ ਲਿਆਉਣ ਵਾਸਤੇ ਸੰਪਰਕ ਕਰੋ:



ਕੁਲਵਿੰਦਰ ਸਹੋਤਾ

278-4584

# ਨੰਗਾ ਤੇ ਚਿੱਟਾ

ਨੀਲਾਤਾਰਾ ਕਾਰਵਾਈ ਤੋਂ ਪਹਿਲਾਂ ਅਤੇ ਪਿਛੋਂ ਜਦੋਂ ਕਮਿਊਨਿਸਟ ਹਲਕਿਆਂ ਨੇ ਇਹ ਕਹਿਣਾ ਸ਼ੁਰੂ ਕੀਤਾ ਸੀ ਕਿ ਪੰਜਾਬ ਦੀ ਅੱਤਵਾਦੀ ਲਹਿਰ ਪਿੱਛੇ ਸਾਮਰਾਜੀ ਸ਼ਕਤੀਆਂ ਦਾ ਹੱਥ ਹੈ ਤਾਂ ਉਦੋਂ ਬਹੁਤ ਸਾਰੇ ਹਲਕਿਆਂ ਨੂੰ ਇਸ ਗੱਲ ਤੇ ਵਿਸ਼ਵਾਸ਼ ਨਹੀਂ ਸੀ ਬੱਝਦਾ। ਉਦੋਂ ਆਮ ਹੀ ਇਹ ਚਰਚਾ ਚਲਦੀ ਸੀ ਕਿ ਪੰਜਾਬ ਦੀ ਅੱਤਵਾਦੀ ਲਹਿਰ ਹਾਕਮ ਕਾਂਗਰਸ ਆਈ ਦੀ ਖੇਡ ਹੈ ਜਿਸ ਨੇ ਕਿ ਅਕਾਲੀ ਪਾਰਟੀ ਨੂੰ ਗੁੱਠੇ ਲਾਉਣ ਲਈ ਜਰਨੈਲ ਸਿੰਘ ਭਿੰਡਰਾਂ-ਵਾਲਾ ਨੂੰ ਮੈਦਾਨ ਵਿਚ ਲਿਆਂਦਾ ਅਤੇ ਉਭਾਰਿਆ ਸੀ।

ਹਾਕਮ ਕਾਂਗਰਸ ਆਈ ਨੇ ਉਸ ਸਮੇਂ ਆਪਣੇ ਨਿਸ਼ਾਨਿਆਂ ਦੀ ਪੂਰਤੀ ਲਈ ਭਿੰਡਰਾਂਵਾਲਾ ਨੂੰ ਅੱਗੇ ਲਿਆਂਦਾ ਸੀ ਪਰ ਜਦੋਂ ਉਸਨੇ ਅੱਤਵਾਦ-ਵੱਖ-ਵਾਦ ਦਾ ਧੂੰਆਂ ਚੰਗੀ ਤਰਾਂ ਭਖਾ ਦਿੱਤਾ ਤਾਂ ਬਾਹਰਲੀਆਂ ਸ਼ਕਤੀਆਂ ਨੇ ਝੱਟ ਉਸ ਨਾਲ ਸੰਪਰਕ ਕਾਇਮ ਕਰ ਲਿਆ। ਅਤੇ ਨੀਲਾਤਾਰਾ ਕਾਰਵਾਈ ਤੋਂ ਪਿੱਛੇ ਤਾਂ ਉਹ ਸ਼ਕਤੀਆਂ ਵਧੇਰੇ ਹੀ ਸਰਗਰਮ ਹੋ ਗਈਆਂ। ਪਾਕਿਸਤਾਨ ਅੰਦਰ ਖਾਲਿਸਤਾਨੀ ਤੱਤਾਂ ਨੂੰ ਟਰੇਨਿੰਗ ਦੇਣ ਦਾ ਕੰਮ ਤੇਜ਼ੀ ਨਾਲ ਸ਼ੁਰੂ ਹੋ ਗਈ। ਇਸ ਤੋਂ ਬਿਨਾਂ ਹਥਿਆਰ ਤੇ ਹੋਰ ਅਸਲੇ ਦੀ ਸਪਲਾਈ ਵੀ ਆਰੰਭ ਹੋ ਗਈ। ਸਿੱਟੇ ਵਜੋਂ ਜਦੋਂ ਸਰਹੱਦ ਉੱਤੇ ਥੋਹੜੀ ਜੇਹੀ ਵੀ ਢਿੱਲ ਹੋਈ ਅਤੇ ਪੰਜਾਬ ਵਿਚੋਂ ਫੌਜ ਵਾਪਿਸ ਬੁਲਾ ਲਈ ਗਈ ਤਾਂ ਪਾਕਿਸਤਾਨ ਅੰਦਰੋਂ ਟਰੇਂਡ ਅੱਤਵਾਦੀਆਂ ਨੇ ਹਥਿਆਰ ਲੈਕੇ ਪੰਜਾਬ ਵਿਚ ਦਾਖਲ ਹੋਣਾ ਆਰੰਭ ਕਰ ਦਿੱਤਾ।

ਜਦੋਂ ਅਸੀਂ ਅਜੋਕੀ ਅਵਸਥਾ ਵਿਚ ਇਸ ਸਾਰੇ ਮਾਮਲੇ ਉੱਤੇ ਝਾਤ ਮਾਰਦੇ ਹਾਂ ਤਾਂ ਇਹ ਗੱਲ ਨੋਟ ਕੀਤੇ ਬਿਨਾਂ ਨਹੀਂ ਰਹਿ ਸਕਦੇ ਕਿ ਪੰਜਾਬ ਦੀ ਅੱਤਵਾਦੀ ਲਹਿਰ ਨੂੰ ਸਾਮਰਾਜੀ ਦੇਸਾਂ ਦੀ ਮਦਦ ਬੜੀ ਹੀ ਨੰਗੀ-ਚਿੱਟੀ ਹੈ। ਇਹ ਮਦਦ ਕੇਵਲ ਪਾਕਿਸਤਾਨ ਰਾਹੀਂ ਹੀ ਨਹੀਂ ਆ ਰਹੀ ਸਗੋਂ ਹੋਰ ਕਈ ਸੂਤਰਾਂ ਰਾਹੀਂ ਵੀ ਪਹੁੰਚ ਰਹੀ ਹੈ।

ਪਛਮੀ ਦੇਸ਼ਾਂ ਅੰਦਰ ਖਾਲਿਸਤਾਨੀ ਤੱਤ ਪੂਰੀ ਤਰਾਂ ਸਰਗਰਮ ਹਨ ਅਤੇ ਉਹ ਵੱਡੀ ਮਾਤਰਾ ਵਿਚ ਧੰਨ ਇਕੱਤਰ ਕਰਕੇ ਪੰਜਾਬ ਭੇਜ ਰਹੇ ਹਨ। ਪਛਮੀ ਦੇਸ਼ਾਂ ਅੰਦਰ ਪਾਕਿਸਤਾਨ ਦੇ ਸਿਫਾਰਤਖਾਨੇ ਖਾਲਿਸਤਾਨੀ, ਤੱਤਾਂ ਦੀ ਪਨਾਂਹਗਾਹ ਬਣੇ ਹੋਏ ਹਨ। ਉਹਨਾਂ ਰਾਹੀਂ ਹੀ ਸੱਭੇ ਤਰਾਂ ਦੀਆਂ ਅੰਦਰੂਨੀ ਸਰਗਰਮੀਆਂ ਹੋ ਰਹੀਆਂ ਹਨ।

ਇਹ ਗੱਲ ਵੀ ਇਕ ਨੰਗੀ-ਚਿੱਟੀ ਹਕੀਕਤ ਹੈ ਕਿ ਅਮਰੀਕਾ ਅਤੇ ਹੋਰ ਪਛਮੀ ਦੇਸਾਂ ਵਿਚਲੇ ਖਾਲਿਸਤਾਨੀ ਤੱਤ ਆਮ ਹੀ ਪਾਕਿਸਤਾਨ ਆਉਂਦੇ ਜਾਂਦੇ ਰਹਿੰਦੇ ਹਨ ਅਤੇ ਉਹਨਾਂ ਦਾ ਏਧਰ ਨਾਮ-ਨਿਹਾਦ ਪੰਥਕ ਕਮੇਟੀ ਦੇ ਕੇਂਦਰ ਨਾਲ ਵੀ ਸੰਪਰਕ ਹੈ। ਪਾਕਿਸਤਾਨ ਵਿਚ ਹਕੂਮਤੀ ਤਬਦੀਲੀ ਤੋਂ ਪਿਛੋਂ ਵੀ ਇਹ ਸਾਰਾ ਚੱਕਰ ਖਤਮ ਨਹੀਂ ਹੋਇਆ।

ਦੇਸ਼ ਦੀ ਪਾਰਲੀਮੈਂਟ ਵਿਚ ਜਦੋਂ ਵੀ ਪੰਜਾਬ ਮਸਲੇ ਬਾਰੇ ਅਤੇ ਪੰਜਾਬ ਦੀ ਅੱਤਵਾਦੀ-ਵੱਖਵਾਦੀ ਲਹਿਰ ਬਾਰੇ ਚਰਚਾ ਹੁੰਦੀ ਹੈ ਤਾਂ ਇਹ ਗੱਲ ਲੱਗ-ਪੱਗ ਸਭਨਾ ਹੀ ਸਿਆਸੀ ਪਾਰਟੀਆਂ ਦੇ ਮੈਂਬਰਾਂ ਵਲੋਂ ਆਖੀ ਜਾਂਦੀ ਹੈ ਕਿ ਅਮਰੀਕੀ ਸਾਮਰਾਜ ਖਾਲਿਸਤਾਨੀ ਲਹਿਰ ਦੀ ਪਿੱਠ ਪੂਰ ਰਿਹਾ ਹੈ। ਪਿਛਲੇ ਸਮੇਂ ਵਿਚ ਹੋਰ ਬਹੁਤ ਸਾਰੇ ਤੱਥ ਇਸ ਗੱਲ ਦੇ ਸਬੂਤ ਵਜੋਂ ਸਾਹਮਣੇ ਆ ਚੁਕੇ ਹਨ। ਮੁਕਦੀ ਗੱਲ ਇਹ ਕਿ ਪੰਜਾਬ ਦੀ ਅੱਤਵਾਦੀ-ਵੱਖਵਾਦੀ ਲਹਿਰ ਪਿੱਛੇ ਸਾਮਰਾਜ ਨੰਗਾ-ਚਿੱਟਾ ਵਖਾਈ ਦੇ ਰਿਹਾ ਹੈ ਅਤੇ ਰਤੀ ਭਰ ਭੁਲੇਖੇ ਦੀ ਵੀ ਗੁੰਜਾਇਸ਼ ਨਹੀਂ।

ਉਪਰੋਕਤ ਸਾਰੀਆਂ ਗੱਲਾਂ ਅਤੇ ਤੱਥਾਂ ਦੇ ਹੁੰਦਿਆਂ ਹੋਇਆਂ ਜੇ ਕੋਈ ਸਿਆਸੀ ਆਗੂ ਜਾਂ ਮੁਖੀ ਪੱਤਰਕਾਰ ਪੰਜਾਬ ਮਸਲੇ ਬਾਰੇ ਜਾਂ ਪੰਜਾਬ ਦੀ ਅੱਤ-ਵਾਦੀ ਲਹਿਰ ਬਾਰੇ ਕੇਵਲ ਇਸ ਗੱਲ 'ਤੇ ਹੀ ਜ਼ੋਰ ਦੇਵੇ ਕਿ ਇਹ ਲਹਿਰ ਮਾਫੀਆ ਗਰੁਪ ਹੀ ਚਲਾ ਰਿਹਾ ਹੈ ਤਾਂ ਇਹ ਹਕੀਕਤਾਂ ਨੂੰ ਛੁਪਾਉਣ ਵਾਲੀ ਗੱਲ ਹੋਵੇਗੀ।

ਕੇਵਲ ਇਹ ਕਹਿਕੇ ਵੀ ਛੁਟਕਾਰਾ ਹਾਸਲ ਨਹੀਂ ਕੀਤਾ ਜਾ ਸਕਦਾ ਕਿ ਇਸ ਅੱਤਵਾਦੀ ਲਹਿਰ ਪਿੱਛੇ ਪਾਕਿਸਤਾਨ ਹੈ। ਇਹ ਗੱਲ ਠੀਕ ਹੈ ਕਿ ਪਾਕਿਸਤਾਨ ਅੰਦਰ ਟਰੇਨਿੰਗ ਕੈਂਪ ਚਲ ਰਹੇ ਹਨ ਤੇ ਏਥੋਂ ਹੀ ਹਥਿਆਰ ਏਧਰ ਆ ਰਹੇ ਹਨ ਪਰ ਇਸ ਸਭ ਕੁਝ ਨੂੰ ਅਗਵਾਈ ਅਮਰੀਕੀ ਏਜੰਸੀ ਸੀ. ਆਈ. ਏ ਹੀ ਦੇ ਰਹੀ ਹੈ।

ਅਮਰੀਕੀ ਸਾਮਰਾਜ ਜਿੱਥੇ ਭਾਰਤ ਦੇ ਗੁਆਂਢੀ ਦੇਸਾਂ ਰਾਹੀਂ ਹੋਰ ਸੱਭੇ ਤਰਾਂ ਦੀਆਂ ਸਾਜ਼ਿਸ਼ਾਂ ਭਾਰਤ ਵਿਰੁੱਧ ਕਰ ਰਿਹਾ ਹੈ ਓਥੇ ਉਸ ਵਲੋਂ ਪੰਜਾਬ ਦੀ ਅੱਤਵਾਦੀ-ਵੱਖਵਾਦੀ ਲਹਿਰ ਨੂੰ ਉਭਾਰਨ ਲਈ ਹਰ ਤਰਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਅਤੇ ਪੰਜਾਬ ਅੰਦਰ ਜਿਹੜੇ ਕਤਲ ਅਤੇ ਹੋਰ ਵਾਰਦਾਤਾਂ ਹੋ ਰਹੀਆਂ ਹਨ ਉਹ ਕੇਵਲ ਸਮਗਲਰ ਅਤੇ ਲੁਟੇਰੇ ਹੀ ਨਹੀਂ ਕਰ ਰਹੇ ਸਗੋਂ ਇਹ ਕਤਲ ਇਕ ਖਾਸ ਨਿਸ਼ਾਨੇ ਤਹਿਤ ਹੋ ਰਹੇ ਹਨ। ਮੁੱਖ ਰੂਪ ਵਿਚ ਇਹ ਕਤਲ ਉਹਨਾਂ ਦੇ ਹੀ ਹੋ ਰਹੇ ਹਨ ਜਿਹੜੇ ਅੱਤਵਾਦੀ-ਵੱਖਵਾਦੀ ਲਹਿਰ ਦਾ ਵਿਰੋਧ ਕਰ ਰਹੇ।

ਜਿਹੜੇ ਕਮਿਊਨਿਸਟ ਆਗੂਆਂ ਅਤੇ ਵਰਕਰਾਂ ਨੂੰ ਕਤਲ ਕਰ ਰਹੇ ਹਨ ਉਹਨਾਂ ਨੂੰ ਲੁਟੇਰੇ ਨਹੀਂ ਕਿਹਾ ਜਾ ਸਕਦਾ। ਜਿਹੜੇ ਕਾਂਗਰਸ ਆਈ ਅਤੇ ਬੀ. ਜੇ. ਪੀ. ਆਗੂਆਂ ਨੂੰ ਨਿਸ਼ਾਨਾ ਬਣਾ ਰਹੇ ਹਨ ਉਹ ਲੁਟੇਰੇ ਤੇ ਡਾਕੂ ਕਿਵੇਂ ਹੋਏ ? ਜਿਹੜੇ ਇਕ ਹੀ ਫਿਰਕੇ ਦੇ ਲੋਕਾਂ ਨੂੰ ਕਤਲ ਕਰ ਰਹੇ ਹਨ, ਜਿਹੜੇ ਪੁਲਸ ਤੇ ਸੀ. ਆਰ. ਪੀ. ਉੱਤੇ ਹਮਲੇ ਕਰ ਰਹੇ ਹਨ ਉਹਨਾਂ ਨੂੰ ਲੁਟੇਰੇ ਕਿਵੇਂ ਕਿਹਾ ਜਾ ਸਕਦਾ ਹੈ ?

ਏਥੇ ਹੀ ਬੱਸ ਨਹੀਂ ਜਿਹੜੇ ਲੋਕ ਇਨਾਮੀ ਅੱਤਵਾਦੀ ਹਨ ਤੇ ਜਿਹੜੇ ਕਿ ਕਿਸੇ ਤਰਾਂ ਪੁਲਸ ਘੇਰੇ ਵਿਚ ਫਸਕੇ ਇਹ ਸਿੱਟਾ ਕਢਣ ਲਈ ਮਜਬੂਰ ਹੋ ਜਾਂਦੇ ਹਨ ਕਿ ਹੁਣ ਉਹ ਪੁਲਸ ਦੇ ਹਥ ਆਉਣ ਤੋਂ ਬੱਚ ਨਹੀਂ ਸਕਦੇ ਉਹਨਾਂ ਵਲੋਂ ਜ਼ਹਿਰ ਖਾ ਕੇ ਖੁਦਕਸ਼ੀ ਕਰਨ ਦਾ ਅਰਥ ਕੀ ਹੈ ?

ਪੰਜਾਬ ਅੰਦਰ ਅੱਤਵਾਦੀ-ਵੱਖਵਾਦੀ ਤੱਤ ਆਪਣੇ ਨਿਸ਼ਾਨੇ ਤਹਿਤ ਅੱਗੇ ਵਧ ਰਹੇ ਹਨ ਅਤੇ ਆਪਣੇ ਸਿਆਸੀ ਵਿਰੋਧੀਆਂ ਦੇ ਕਤਲਾਂ ਦਾ ਸਿਲਸਿਲਾ ਜਾਰੀ ਰਖ ਰਹੇ ਹਨ। ਇਹਨਾਂ ਦੀਆਂ ਇਸ ਤਰਾਂ ਦੀਆਂ ਸਰਗਰਮੀਆਂ ਦੇ ਨਾਲ ਨਾਲ ਪੰਜਾਬ ਅੰਦਰ ਲੁੱਟ-ਖੋਹ ਦੀਆਂ ਵਾਰਦਾਤਾਂ ਵੀ ਹੋ ਰਹੀਆਂ ਹਨ ਜੋਕਿ ਪਿਛਲੇ ਸਮੇਂ ਵਿਚ ਕਾਫੀ ਵਧੀਆ ਹਨ। ਪਰ ਇਸ ਤਰਾਂ ਦੀ ਅਵਸਥਾ ਨੂੰ ਇੰਝ ਨਹੀਂ ਪੇਸ਼ ਕੀਤਾ ਜਾ ਸਕਦਾ ਕਿ ਅੱਤਵਾਦੀ ਲਹਿਰ ਤਾਂ ਦੰਮ-ਤੋੜ ਗਈ ਹੈ ਅਤੇ ਹੁਣ ਕੇਵਲ ਲੁੱਟਾਂ-ਖੋਹਾਂ ਕਰਨ ਵਾਲੇ ਹੀ ਬਾਕੀ ਰਹਿ ਗਏ ਹਨ।

ਉਪਰੋਕਤ ਸਾਰੀ ਵਾਰਤਾ ਅਸੀਂ ਇਸ ਕਰਕੇ ਲਿਖਣ ਲਈ ਮਜਬੂਰ ਹੋਏ ਹਾਂ ਕਿਉਂ ਜੁ ਪਿਛਲੇ ਦਿਨ ਹਿੰਦ ਸਮਾਂਚਾਰ ਅਖਬਾਰ ਸਮੂਹ ਵਲੋਂ ਅਯੋਜਤ ਸ਼ਹੀਦ ਪਰਵਾਰ ਫੰਡ ਦੀ ਵੰਡ ਬਾਰੇ ਹੋਏ ਸਮਾਗਮ ਵਿਚ ਆਪਣਾ ਪਰਧਾਨਗੀ ਭਾਸ਼ਣ ਦੇਂਦਿਆਂ ਬਲਿਟਜ਼ ਦੇ ਸੰਪਾਦਕ ਸ੍ਰੀ ਆਰ. ਕੇ. ਕਰੰਜੀਆ ਜੀ ਨੇ ਪੰਜਾਬ ਦੀ ਅੱਤਵਾਦੀ-ਵੱਖਵਾਦੀ ਲਹਿਰ ਨੂੰ ਸਾਮਰਾਜੀ ਸ਼ਹਿ ਅਤੇ ਮਦਦ ਨੂੰ ਅੱਖੋਂ ਓਹਲੇ ਹੀ ਕੀਤਾ ਅਤੇ ਇਹ ਆਖਿਆ ਕਿ ਖਾਲਿਸਤਾਨੀ ਲਹਿਰ ਪਿਛੇ ਕੇਵਲ ਮਾਫੀਆ ਹੀ ਹੈ। ਇਸ ਤੋਂ ਬਿਨਾਂ ਏਸੇ ਹੀ ਸਮਾਗਮ ਵਿਚ ਭਾਸ਼ਣ ਦੇਂਦਿਆਂ ਜਲੰਧਰ ਰੇਂਜ ਦੇ ਡੀ.ਆਈ.ਜੀ ਸ੍ਰੀ ਡੀ. ਆਰ ਭੱਟੀ ਨੇ ਆਪਣੇ ਭਾਸ਼ਣ ਵਿਚ ਅੱਤਵਾਦੀਆਂ ਨੂੰ ਵਧੇਰੇ ਕਰਕੇ ਲੁਟੇਰਿਆਂ ਨਾਲ ਹੀ ਤੁਲਣਾ ਦਿੱਤੀ ਗਈ ਹੈ ਜੋ ਕਿ ਕਿਸੇ ਤਰਾਂ ਵੀ ਦਰੁਸਤ ਨਹੀਂ।

ਇਸ ਗਲ ਵਿਚ ਕੋਈ ਵੀ ਸ਼ੱਕ ਨਹੀਂ ਕਿ ਅੱਤਵਾਦੀਆਂ ਨੂੰ ਖਦੇੜਨ ਅਤੇ ਪੁਲਸ ਮੁਕਾਬਲਿਆਂ ਵਿਚ ਇਨਾਮੀ ਅੱਤਵਾਦੀਆਂ ਦੇ ਮਾਰੇ ਜਾਣ ਦੇ ਪਿਛੋਕੜ ਵਿਚ ਪੁਲਸ ਅਤੇ ਨੀਮ-ਫੌਜੀ ਦਲਾਂ ਦੀਆਂ ਪ੍ਰਾਪਤੀਆਂ ਬਹੁਤ ਵੱਡੀਆਂ ਹਨ ਪਰ ਜਿਹੜੇ ਵੀ ਅੱਤਵਾਦੀ ਤੱਤ ਪੰਜਾਬ ਅੰਦਰ ਸਰਗਰਮ ਹਨ ਉਹ ਖਾਲਿਸਤਾਨ ਦੀ ਪ੍ਰਾਪਤੀ ਲਈ ਸਾਰਾ ਕੁਝ ਕਰ ਰਹੇ ਹਨ—ਅਤੇ ਸਾਡੇ ਇਸ ਕਥਨ ਦੀ ਪੁਸ਼ਟੀ ਬਹੁਤ ਸਾਰੇ ਤੱਥ ਕਰਦੇ ਹਨ।

ਪੰਜਾਬ ਅੰਦਰ ਜਿਹੜੀ ਅੱਤਵਾਦੀ-ਵੱਖਵਾਦੀ ਲਹਿਰ ਚਲ ਰਹੀ ਹੈ ਇਸ ਦਾ ਨਿਸ਼ਾਨਾ ਖਾਲਿਸਤਾਨ ਹੈ ਅਤੇ ਇਸ ਲਹਿਰ ਨੂੰ ਚਲਾ ਰਹੀ ਨਾਮ-ਨਿਹਾਦ ਪੰਥਕ ਕਮੇਟੀ ਇਹ ਗਲ ਬਾਰ ਬਾਰ ਕਹਿ ਚੁਕੀ ਹੈ। ਇਸ ਤੋਂ ਬਿਨਾਂ ਇਸ ਲਹਿਰ ਨੂੰ ਸਾਮਰਾਜੀ ਸ਼ਕਤੀਆਂ ਹਰ ਤਰਾਂ ਦੀ ਅਗਵਾਈ ਦੇ ਰਹੀਆਂ ਹਨ ਅਤੇ ਹਰ ਢੰਗ ਨਾਲ ਇਸ ਦੀ ਮਦਦ ਕਰ ਰਹੀਆਂ ਹਨ। ਕਿਸੇ ਵੀ ਕਿਸਮ ਦੇ ਭੁਲੇਖੇ ਦੀ ਕੋਈ ਗੁੰਜਾਇਸ਼ ਨਹੀਂ, ਸਭ ਕੁਝ ਚਿੱਟੇ ਦਿਨ ਵਾਂਗ ਸਾਫ ਸਾਫ ਵਖਾਈ ਦੇ ਰਿਹਾ ਹੈ।

(ਸਫਾ 29 ਦੀ ਬਾਕੀ)

ਗਿਆ। ਓਹਨਾਂ ਦੀ ਪਤਨੀ ਅਤੇ ਪ੍ਰੀਵਾਰ ਦੇ ਬਾਕੀ ਦੇ ਜੀਅ ਮੁੱਖਬਰ ਤਾਂ ਨਹੀਂ ਸੀ। ਜਿਹਨਾਂ ਨੂੰ ਅੰਨੇਵਾਹ ਗੋਲੀਆਂ ਚਲਾ ਕੇ ਭੁੰਨ ਦਿਤਾ ਗਿਆ। ਤੇ ਅਸਲ 'ਚ ਕਾਮਰੇਡ ਦਲੀਪ ਸਿੰਘ ਵਰਗੇ ਮਹਾਨ ਅਤੇ ਲੋਕ ਆਗੂ ਤੇ ਅਜੇਹਾ ਅਲਜਾਮ ਮੜ੍ਹਨਾ ਚੰਦ ਤੇ ਥੁੱਕਣ ਵਾਲੀ ਗਲ ਹੈ। ਲੋਕ ਇਸ ਗਲ ਨੂੰ ਸਮਝਣਗੇ ਅਤੇ ਕਾਲੀਆਂ ਤਾਕਤਾਂ ਨੂੰ ਲੋਕਾਂ ਵਿਚੋਂ ਨਿਖੇੜਨ ਲਈ ਹਰ ਤਾਣ ਲਾਉਣਗੇ।

ਕਾਮਰੇਡ ਦਲੀਪ ਸਿੰਘ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦਾ ਵਫ਼ਾਦਾਰ ਜੋਧਾ ਤੇ ਬਹਾਦਰ ਸਿਪਾਹੀ ਸੀ ਇਹਨਾਂ ਆਪਣੀ ਅਤੇ ਆਪਣੇ ਪ੍ਰੀਵਾਰ ਦੀ ਦੇਸ਼ ਦੀ ਏਕਤਾ ਲਈ ਸ਼ਹਾਦਤ ਦੇ ਕੇ ਬਹਾਦਰ ਸੂਰਮੇ ਦਾ ਸਬੂਤ ਦਿਤਾ ਹੈ। ਉਹਨਾਂ ਨੂੰ ਸਦਾ ਯਾਦ ਕੀਤਾ ਜਾਂਦਾ ਰਹੇਗਾ। ਸੂਰਜ ਨਾ ਕਦੇ ਮਰਿਆ ਨਾ ਮਰੇਗਾ। ਸੱਚ ਕਦੇ ਕਤਲ ਨਹੀਂ ਹੁੰਦਾ ਅਤੇ ਨਾ ਹੀ ਹੋਵੇਗਾ।

# ਗੁਟਨਿਰਲੇਪ ਬਦੇਸ਼ ਮੰਤੀਆਂ ਵੱਲੋਂ ਨਮੀਬੀਆਂਦੀ ਚਿੰਤਾ

—ਗੁਟਨਿਰਲੇਪ ਦੇਸ਼ਾਂ ਦੇ ਬਦੇਸ਼ ਮੰਤਰੀਆਂ ਨੇ ਸੰਯੁਕਤ ਰਾਸ਼ਟਰ ਸੁਰਖਿਆ ਕੌਂਸਲ ਨੂੰ ਪੁਰਜ਼ੋਰ ਸ਼ਬਦਾਂ ਵਿਚ ਬੇਨਤੀ ਕੀਤੀ ਹੈ ਕਿ ਉਹ ਨਮੀਬੀਆ ਲਈ ਸੁਤੰਤਰਤਾ ਯੋਜਨਾ ਲਾਗੂ ਕਰਨ ਲਈ ਮਤੇ 435 ਤਹਿਤ ਆਪਣੀ ਅਥਾਰਟੀ ਦੀ ਵਰਤੋਂ ਕਰੇ ਅਤੇ ਆਪਣੇ ਫਤਵੇ ਨੂੰ ਲਾਗੂ ਕਰਨ ਲਈ ਸੰਯੁਕਤ ਰਾਸ਼ਟਰ ਟਰਾਂਜੀਸ਼ਨ ਅਸਿਸਟੈਂਸ ਗਰੁਪ (ਯੂ. ਐਨ. ਟੀ. ਏ. ਜੀ) ਨੂੰ ਫੌਰੀ ਤੌਰ ਤੇ ਹਰਕਤ ਵਿਚ ਲਿਆਵੇ।

ਨਮੀਬੀਆ ਬਾਰੇ ਕੀਤੇ ਗਏ ਇਕ ਵਿਸ਼ੇਸ਼ ਐਲਾਨਨਾਮੇ ਵਿਚ ਉਹਨਾਂ ਕਿਹਾ ਹੈ ਕਿ ਮੌਜੂਦਾ ਦੱਖਣੀ ਅਫਰੀਕਾ ਪੁਲਸ ਬਲਾਂ ਦੀ ਸ਼ਕਤੀ ਦੇ ਬਰਾਬਰ ਯੂ. ਐਨ. ਟੀ. ਏ. ਜੀ ਮਿਲਟਰੀ ਫੋਰਸ ਤਾਇਨਾਤ ਕਰਨ ਤੇ ਇਸ ਦੀ ਨਿਗਰਾਨ ਪੁਲਸ ਵਿਚ ਵਾਧਾ ਕਰਨ ਨਾਲ ਨਮੀਬੀਆ ਵਿਚ ਅਮਨਮਈ ਅਤੇ ਸਥਿਰ ਸਤਾ ਪਰੀਵਰਤਨ ਪ੍ਰਕਿਰਿਆ ਲਈ ਹਾਲਤਾਂ ਯਕੀਨੀ ਬਣਨਗੀਆਂ।

ਇਸ ਸਬੰਧ ਵਿਚ ਚਾਰ-ਦਿਨਾਂ ਮੀਟਿੰਗ ਦੇ ਅੰਤ ਤੇ ਜਾਰੀ ਕੀਤੇ ਗਏ ਐਲਾਨ ਵਿਚ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦੇ ਉਸ ਫੈਸਲੇ ਦਾ ਸੁਆਗਤ ਕੀਤਾ ਗਿਆ ਜਿਸ ਵਿਚ ਉਸਨੇ ਡਿਪਟੀ ਵਿਸ਼ੇਸ਼ ਨੁਮਾਇੰਦਾ ਨਿਯੁਕਤ ਕਰਨ ਅਤੇ ਪੁਲਸ ਨਿਗਰਾਨਾਂ ਦੀ ਗਿਣਤੀ 500 ਤੋਂ ਵਧਾਕੇ 1000 ਕਰਨ ਦਾ ਫੈਸਲਾ ਕੀਤਾ ਸੀ।

1978 ਦੇ ਸੁਰਖਿਆ ਮਤੇ 435 ਵਿਚ ਯੂ. ਐਨ. ਟੀ. ਏ. ਜੀ ਫੌਜੀ ਬਲਾਂ ਦੀ ਗਿਣਤੀ 7500 ਰੱਖੀ ਗਈ ਜਿਹੜੀ ਕਿ ਇਸ ਵੇਲੇ ਨਮੀਬੀਆ ਵਿਚ 4,650 ਹੈ। ਗੁਟਨਿਰਲੇਪ ਦੇਸ਼ਾਂ ਦੇ ਬਦੇਸ਼ ਮੰਤਰੀਆਂ ਨੇ ਅਪ੍ਰੈਲ ਦੇ ਸ਼ੁਰੂ ਵਿਚ ਵਾਪਰੀਆਂ ਦੁਖਾਂਤਕ ਘਟਨਾਵਾਂ ਤੇ ਡੂੰਘਾ ਦੁਖ ਪ੍ਰਗਟ ਕੀਤਾ ਜਿਹਨਾਂ ਘਟਨਾਵਾਂ ਵਿਚ ਕਿ ਬਹੁਤ ਸਾਰੇ ਨਮੀਬੀਆਈ ਲੋਕਾਂ ਦੀਆਂ ਜਾਨਾਂ ਜਾਂਦੀਆਂ ਰਹੀਆਂ ਅਤੇ ਇਹਨਾਂ ਘਟਨਾਵਾਂ ਕਾਰਨ ਸੁਰਖਿਆ ਕੌਂਸਲ ਦਾ ਮਤਾ ਲਾਗੂ ਹੋਣਾ ਵੀ ਖਟਾਈ 'ਚ ਪੈ ਗਿਆ।

ਉਹਨਾਂ ਇਸ ਗੱਲ ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਕਿ ਵੋਟਰ ਸੂਚੀਆਂ ਉਤੇ ਗੈਰ-ਨਮੀਬੀਆਈ ਲੋਕਾਂ ਦੀ ਰਜਿਸਟਰੇਸ਼ਨ ਵਿਤਕਰੇ ਭਰੇ ਕਾਨੂੰਨਾਂ ਨੂੰ ਬਰਕਰਾਰ ਰੱਖਣ ਸਵਾਪੋ ਹਿਮਾਇਤੀਆਂ ਨੂੰ ਡਰਾਉਣ ਧਮਕਾਉਣ ਅਤੇ ਤੰਗ ਪ੍ਰੇਸ਼ਾਨ ਕਰਨ, ਹਿਰਾਸਤ 'ਚ ਬੰਦ ਸਵਾਪੋ ਲੀਡਰਾਂ ਅਤੇ ਕਾਰਕੁੰਨਾਂ ਦੇ ਕਤਲਾਂ ਅਤੇ ਦੱਖਣੀ ਅਫਰੀਕਾ ਵਲੋਂ ਸਵਾਪੋ ਵਿਰੁੱਧ ਭੰਡੀ ਪ੍ਰਚਾਰ ਕਾਰਨ ਨਮੀਬੀਆਂ ਦੀ ਆਜ਼ਾਦੀ ਨੂੰ ਅਮਲੀ ਰੂਪ ਦੇਣ ਦੇ ਰਾਹ ਵਿਚ ਭਾਰੀ ਮੁਸ਼ਕਲਾਂ ਪੈਦਾ ਹੋ ਰਹੀਆਂ ਹਨ।

ਇਹਨਾਂ ਮੰਤਰੀਆਂ ਨੇ ਕਿਹਾ ਕਿ ਦੱਖਣੀ ਅਫਰੀਕਾ ਵਲੋਂ ਮਤੇ 435 ਦੀਆਂ ਵਿਵਸਥਾਵਾਂ ਉਤੇ ਅਮਲ ਕਰਨ ਤੋਂ ਇਨਕਾਰ ਅਤੇ ਇਸ ਦੀ ਆਪਣੀਆਂ ਸਾਰੀਆਂ ਫੌਜਾਂ ਨੂੰ ਵਾਪਿਸ ਬੁਲਾਉਣ ਦੀ ਅਸਫਲਤਾ ਨਮੀਬੀਆ ਦੀ ਸੁਤੰਤਰਤਾ ਯੋਜਨਾ ਨੂੰ ਅਸਰਦਾਇਕ ਢੰਗ ਨਾਲ ਅਮਲ ਵਿਚ ਲਿਆਉਣ ਦੇ ਰਾਹ 'ਚ ਮੁਖ ਅੜਿਕੇ ਹਨ। ਇਸ ਐਲਾਨਨਾਮੇ ਵਿਚ ਕਿਹਾ ਗਿਆ ਹੈ ਕਿ ਦੱਖਣੀ ਅਫਰੀਕਾ ਨੂੰ ਆਪਣੀ ਕੋਏਵੋਏਤ ਅਤੇ ਦੂਸਰੇ ਨੀਮਫੌਜੀ ਬਲ ਫੌਰੀ ਤੌਰ ਤੇ ਭੰਗ ਕਰ ਦੇਣੇ ਚਾਹੀਦੇ ਹਨ ਜਿਹੜੇ ਕਿ ਇਸ ਨੇ ਧੋਖੇ ਭਰੇ ਢੰਗ ਨਾਲ ਨਮੀਬੀਆ ਵਿਚ ਆਪਣੀ ਪੁਲਸ ਫੋਰਸ 'ਚ ਸ਼ਾਮਲ ਕੀਤੇ ਹਨ ਅਤੇ ਇਸ ਨੇ ਮੰਗ ਕੀਤੀ ਹੈ ਕਿ ਨਮੀਬੀਆਈ ਪੁਲਸ ਫੋਰਸ ਵਿਚ ਸ਼ਾਮਲ ਦੱਖਣੀ ਅਫਰੀਕਾ ਪੁਲਸ ਦੇ ਸਾਰੇ ਤੱਤਾਂ ਨੂੰ ਸੁਰਖਿਆ ਕੌਂਸਲ ਦੇ ਮਤੇ ਅਨੁਸਾਰ ਢੁਕਵੀਂ ਪਰਖ ਵਿਚ ਲੰਘਾਇਆ ਜਾਣਾ ਚਾਹੀਦਾ ਹੈ।

ਇਹਨਾਂ ਬਦੇਸ਼ ਮੰਤਰੀਆਂ ਨੇ ਇਹ ਵੀ ਮੰਗ ਕੀਤੀ ਹੈ ਕਿ ਉਤਰੀ ਨਮੀਬੀਆ ਵਿਚ ਉਨਾਕਾਂਤੀ ਜੇਹਲ ਅਤੇ ਦੂਸਰੀਆਂ ਥਾਵਾਂ ਤੇ ਸਵਾਪੋ ਦੇ ਕਾਰਕੁੰਨਾਂ ਦੇ ਹੋਏ ਬੇਰਹਿਮ ਕਤਲ ਨਾਲ ਸਬੰਧਤ ਘਟਨਾਵਾਂ ਦੀ ਨਿਰਪੱਖ ਜਾਂਚ ਲਈ ਸੰਯੁਕਤ ਰਾਸ਼ਟਰ ਕੋਈ ਆਜ਼ਾਦ ਕੌਮਾਂਤਰੀ ਜਾਂਚ ਸਥਾਪਿਤ ਕਰੇ।

ਇਸ ਸਬੰਧ ਵਿਚ ਉਹਨਾਂ ਨੇਸਵਾਪੋ ਲੀਡਰਾਂ ਦੀ ਲੋੜੀਂਦੀ ਸੁਰਖਿਆ ਦੀ ਵਿਵਸਥਾ ਕਰਨ ਦੀ ਮੰਗ ਕੀਤੀ। ਉਹਨਾਂ ਨੇ ਮੰਗ ਕੀਤੀ ਹੈ ਕਿ ਸਾਰੇ ਗੈਰ ਨਮੀਬੀਆਈ ਵੋਟਰਾਂ ਦੇ ਨਾਂ ਵੋਟਰ ਸੂਚੀਆਂ ਤੋਂ ਕੱਟ ਦਿਤੇ ਜਾਣ ਅਤੇ ਸਵਾਪੋ ਹਿਮਾਇਤੀਆਂ ਨੂੰ ਡਰਾਉਣਾ ਧਮਕਾਉਣਾ ਬੰਦ ਕਰ ਦਿਤਾ ਜਾਵੇ ਅਤੇ ਉਹਨਾਂ ਗੁਟਨਿਰਲੇਪ ਦੇਸ਼ਾਂ ਤੋਂ ਕੌਮਾਂਤਰੀ ਭਾਈਚਾਰੇ ਨੂੰ ਪੁਰਜ਼ੋਰ ਸ਼ਬਦਾਂ ਵਿਚ ਕਿਹਾ ਹੈ ਕਿ ਸਵਾਪੋ ਨੂੰ ਪਦਾਰਥੀ ਤੇ ਵਿੱਤੀ ਸਹਾਇਤਾ ਦਿਤੀ ਜਾਵੇ।

ਇਸੇ ਦੌਰਾਨ ਦੱਖਣੀ ਅਫਰੀਕਾ, ਕਿਊਬਾ ਅਤੇ ਅੰਗੋਲਾ ਵਿਚਕਾਰ ਤਿੰਨਧਿਰੀ ਗਲਬਾਤ ਰਾਹੀਂ ਨਮੀਬੀਆ ਦੀ ਸੁਤੰਤਰਤਾ ਲਈ ਸੰਯੁਕਤ ਰਾਸ਼ਟਰ ਦੀ ਯੋਜਨਾ ਮੁੜ-ਚਾਲੂ ਕੀਤੀ ਗਈ ਹੈ। ਇਸ ਨਾਲ ਪ੍ਰਕਿਰਿਆ ਵਿਚ ਸਤ ਹਫਤਿਆਂ ਤੋਂ ਆਈ ਖੜੋਤ ਟੁਟ ਗਈ ਹੈ।

ਚਾਰ ਘੰਟਿਆਂ ਦੀ ਮੀਟਿੰਗ ਦੇ ਅੰਤ ਤੇ ਅੰਗਲਾ ਵਫਦ ਦੇ ਮੁਖੀ ਜਨਰਲ ਨਡਾਲੋ ਨੇ ਕਿਹਾ ਕਿ ਪ੍ਰਕਿਰਿਆ ਮੁੜ ਸ਼ੁਰੂ ਹੋ ਸਕਦੀ ਹੈ।


MURRICK INSURANCE SERVICES LTD

NARWAL INSURANCE SERVICES LTD



NARWAL
Insurance Services Ltd.
Murrick Insurance Services Ltd.

ICBC AUTOPLAN: New licence plates, Decal renewal, Transfer of ownership, New registrations, Change of coverage
GENERAL: Homeowners, Tenants package, Mobile Home, Travel Insurance, Boat
LIFE: Term Insurance, Mortgage, Business, Non-smokers diet

Autoplan
AUTHORIZED AGENT
SENIORS DISCOUNT

OPEN 9 to 5 (Mon.-Fri.)
10-3 Sat.
6415 Main St., at 48th Vancouver
Call NARWAL 325-4744
325-4744

PRITPAL SINGH NARWAL
B.A. (Pb.), L.L.B. (Kuk)
Former Advocate & Oath Commissioner
Notary Public
PREFERRED AREA OF PRACTICE
•Conveyancing
•To prepare mortgages
•To prepare contracts
•Translation
•Affidavits
•Power of Attorney
•Basic Will
•Immigration
•Adoption, Etc.
6415 Main St., [at 48th Ave.], Vancouver
325-4744

OPEN
9 A.M. TO 5 P.M. (MON. TO FRI.)
SAT. 10 A.M. TO 3 P.M.
6415 MAIN ST. (at 48th., AVE
VANCOUVER, B.C.

# ਗੀਤ

ਹਰਭਜਨ ਸਿੰਘ ਹੁੰਦਲ

ਲੱਗੀ ਅੱਗ ਪੰਜਾਬ ਨੂੰ ਕੋਈ ਪਾਣੀ ਪਾਓ ।
ਬਲਦੇ ਪਿੰਡੇ, ਪਿਆਰ ਦੀ ਕ੍ਰਿਣ ਮਿਣ ਵਰਸਾਓ ।

ਪਹਿਲਾਂ ਅੱਗ ਬੁਝਾਉਣ ਦਾ ਕੋਈ ਕਰਿਓ ਚਾਰਾ,
ਪਿੱਛੋਂ ਪਾਣੀ, ਦੁੱਧ ਦਾ ਕਰ ਲਿਓ ਨਿਤਾਰਾ
ਕਰੋ ਟਕੋਰਾਂ ਕੋਸੀਆਂ ਕਿ ਪੀੜ ਹਟਾਓ ।

ਕਿਸ ਵਿਹੜੇ ਨਹੀਂ ਢੁੱਕੀਆਂ ਇਹ ਮਰਨ-ਮਕਾਣਾਂ ?
ਏਸ ਕਹਾਣੀ ਖਬਰ ਨਹੀਂ ਕਿੱਥੋਂ ਤੱਕ ਜਾਣਾ
ਬਲਦੀ ਉਤੇ ਤੇਲ ਨਾ, ਹੱਥੀਂ ਛਿੜਕਾਓ ।

ਸਿਵਿਆਂ ਦੀ ਜੋ ਅੱਗ 'ਤੇ ਨਿੱਤ ਮੰਨ ਪਕਾਵੇ
ਇਕ ਦਿਨ ਏਸੇ ਅੱਗ ਦੀ ਭੇਟਾ ਚੜ੍ਹ ਜਾਵੇ,
ਖੇਡ ਅਵੱਲੀ ਖੇਡ ਕੇ ਨਾ ਹੱਥ ਜਲਾਓ ।

ਖੌਰੇ ਕਿਹੜੀ ਹਾਕਮਾਂ ਨੂੰ ਨੀਂਦਰ ਆਈ
ਅੱਜ ਤੀਕਰ ਪੰਜਾਬ ਦੀ ਨਾ ਸੁਣੀ ਦੁਹਾਈ
ਕੰਨਾਂ ਲਾਗੇ, ਕੁੰਭਕਰਨਾਂ ਦੇ, ਢੋਲ ਵਜਾਓ ।

ਉਠੋ ਰਲ ਪੰਜਾਬੀਓ, ਕੋਈ ਕਰੀਏ ਹੀਲਾ
ਮਾਰਾਂ ਖਾਂਦੇ ਰਹਾਂਗੇ, ਜੇ ਤੀਲ੍ਹਾ ਡੀਲ੍ਹਾ
ਵਿਚ ਹਨੇਰੇ, ਸਾਂਝ ਦੇ ਦੀਪਕ ਰੁਸ਼ਨਾਓ ।

ਪਹਿਲਾਂ ਵੀ ਕੋਈ ਘੱਟ ਨਾ ਹੋ ਚੁੱਕੀ ਦੇਰੀ
ਸਿਰ 'ਤੇ ਚੜ੍ਹਦੀ ਆ ਰਹੀ ਹੈ ਅੱਗ-ਹਨੇਰੀ
ਜੋੜ ਸਿਰਾਂ ਨੂੰ ਸੋਹਣਿਓਂ ਕੋਈ ਜੁਗਤ ਲੜਾਓ ।

ਪਰਦੇ ਪਿੱਛੋਂ ਹੱਥ ਨੇ ਜੋ ਡੋਰ ਹਿਲਾਉਂਦੇ
ਵਾਰੋ ਵਾਰੀ ਪੁਤਲੀਆਂ ਦਾ ਭੇੜ ਕਰਾਉਂਦੇ,
ਇਨ੍ਹਾਂ ਕਾਲੇ ਨਾਰਦਾਂ ਦੀ ਪੈੜ ਦਬਾਓ ।

# ਹਮ ਮੇਹਨਤਕਸ਼

ਫੈਜ਼ ਅਹਿਮਦ ਫੈਜ਼

ਹਮ ਮੇਹਨਤਕਸ਼ ਜੱਗ ਵਾਲੋਂ ਸੇ, ਜਬ ਅਪਨਾ ਹਿੱਸਾ ਮਾਂਗੇਗੇ
ਇਕ ਖੇਤ ਨਹੀਂ, ਇਕ ਦੇਸ਼ ਨਹੀਂ, ਹਮ ਸਾਰੀ ਦੁਨੀਆਂ ਮਾਂਗੇਗੇ
ਯਾਂ ਸਾਗਰ ਸਾਗਰ ਮੋਤੀ ਹੈ, ਯਾਂ ਪਰਬਤ ਪਰਬਤ ਹੀਰੇ ਹੈਂ
ਯੇ ਸਾਰਾ ਮਾਲ ਹਮਾਰਾ ਹੈ, ਹਮ ਸਾਰਾ ਖਜ਼ਾਨਾ ਮਾਂਗੇਗੇ
ਜੋ ਖੂਨ ਬਹਾ, ਜੋ ਬਾਗ਼ ਉਜੜੇ, ਜੋ ਗੀਤ ਦਿਲੋਂ ਮੇਂ ਕਤਲ ਹੂਏ
ਹਰ ਕਤਰੇ ਕਾ, ਹਰ ਗੁੰਚੇ ਕਾ, ਹਰ ਗੀਤ ਕਾ ਬਦਲਾ ਮਾਂਗੇਗੇ
ਯੇ ਸੇਠ ਵਪਾਰੀ ਰਜਵਾੜੇ ਦਸ ਲਖ ਤੋ ਹਮ ਦਸ ਲਾਖ ਕਰੋੜ
ਯੇ ਕਿਤਨੇ ਦਿਨ ਅਮਰੀਕਾ ਸੇ ਜੀਨੇ ਕਾ ਸਹਾਰਾ ਮਾਂਗੇਗੇ
ਜਬ ਸਫ ਸੀਧੀ ਹੋ ਜਾਏਗੀ, ਜਬ ਸਬ ਝਗੜੇ ਮਿਟ ਜਾਏਂਗੀ
ਹਮ ਹਰ ਇਕ ਦੇਸ਼ ਕੇ ਝੰਡੇ ਪਰ ਇਕ ਲਾਲ ਸਿਤਾਰਾ ਮਾਂਗੇਗੇ ।

# ਗੱਦੀ ਸਹੀ ਸਲਾਮਤ

ਗੁਰਚਰਨ ਰਾਮਪੁਰੀ

ਥਲ ਵਿੱਚ ਪਾਪੀ ਰਾਜ ਅਗਨ ਦੀ ਬਰਖਾ
ਪੰਛੀ ਬੇਦਿਲ ਅਤੇ ਬੌਂਦਲੇ ਲੂਹੇ ਅਤੇ ਤਿਹਾਏ
ਅੰਬਰ ਉੱਤੇ ਬੱਦਲ ਦਾ ਕੋਈ ਫੰਬਾ ਨਾ ਲਹਿਰਾਏ
ਵਿਰਲੇ ਵਿਰਖ ਮੋਨ ਮੁਰਝਾਏ
ਸੁੰਗੜੇ ਸੁੰਗੜੇ ਸਾਏ ।
ਸ਼ਿਕਰੇ ਸਿਖਰ ਦੁਪਹਿਰੇ ਪਾਗਲ
ਝਪਟਣ ਅੰਨ੍ਹੇ-ਵਾਹੇ ।

ਥਲ ਦੀ ਨੁੱਕਰੇ ਪਰਬਤ ਸਿਖਰੇ
ਠੰਡੇ ਮਹਿਲ 'ਚ ਬੈਠਾ ਰਾਜਾ
ਦੇਖੇ ਚੁੱਪ ਤਮਾਸ਼ਾ ।
ਜਲ ਦੀ ਬੂੰਦ ਲਈ ਜਦ ਪੰਛੀ ਆਪੋ ਵਿੱਚੀਂ ਲੜਦੇ
ਅੰਦਰੋਂ ਰਾਜ਼ੀ ਉਪਰੋਂ ਸੋਗੀ ਸਵਾਂਗ ਰਚਾਏ
ਮਨ ਹੀ ਮਨ ਮੁਸਕਾਏ ।

ਉੱਚੇ ਅੰਬਰੀਂ ਉਡਦਾ ਸ਼ਿਕਰਾ ।
ਜਦ ਮਹਿਲਾਂ ਤੇ ਆਏ
ਤਾਂ ਰਾਜਾ ਘਵਰਾਏ ।
ਪਰ ਦੀਵਾਨ 'ਸਿਆਣਾ' ਉਸ ਦੀ ਧੀਰ ਬਨ੍ਹਾਏ :
'ਪੰਛੀ ਜਦੋਂ ਤੀਕ ਹਨ ਰਾਜਾ
'ਆਪੋ ਦੇ ਵਿੱਚ ਪਾਟੇ, ਆਪਾਂ ਨੂੰ ਨਾ ਘਾਟੇ
'ਗੱਦੀ ਸਹੀ ਸਲਾਮਤ ।
'ਇਹ ਸ਼ਿਕਰੇ ਤਾਂ ਹੈਨ ਪਾਲਤੂ
'ਆਪਣੇ ਬਾਗ ਸਿਧਾਏ
'ਇਹਨਾਂ ਦੇ ਦਾਣੇ ਪਾਣੀ ਦੀ ਡੋਰ ਅਸਾਡੇ ਹੱਥੀਂ
'ਜਦ ਆਖੋ ਉਸਤਾਦ ਇਨ੍ਹਾਂ ਨੂੰ ਅੰਦਰੋਂ ਲਾਹੇ
'ਹਾਜ਼ਰ ਹੋਣ ਹਜ਼ੂਰੀ ਏਹੋ ਹੱਥ ਬੰਨ੍ਹੀਂ ਦਰਗਾਹੇ ।'
ਸੋਚ ਸਮਝ ਕੇ ਰਾਜਾ ਕਲਗੀ ਵਾਲਾ ਸੀਸ ਹਿਲਾਏ

ਪਰ ਨੀਤੀ ਤੋਂ ਪਾਕ ਮਹਿਲ ਦੇ ਨਿੱਕੇ ਬੱਚੇ
ਅੰਬਰੀ ਸ਼ਿਕਰੇ ਦੇ [illegible]ਣ,
ਰਾਣੀ ਘੋਰ ਉਦਾ[illegible]
ਸੋਚੇ ਤੇ ਘਬਰਾਏ :
ਭੱਠ ਪਵੇ ਜਿੱਜ-ਹੋਣੀ ਗੱਦੀ
ਜੀਵਣ ਮੇਰੇ ਜਾਏ ।

ਪਰ ਦੀਵਾਨ ਤੇ ਰਾਜਾ ਕਪਟੀ
ਦਰਬਾਰੀ ਮਦ-ਮੱਤੇ
ਪਾਪੀ ਹਿਰਦੇ ਝੂਮ ਰਹੇ ਨੇ
ਲਾਸ਼ਾਂ ਦੀ ਇਸ ਰੁੱਤੇ ।

# ਸੁਰਿੰਦਰ ਗਿੱਲ

ਕੋਈ ਸ਼ਹਿਰ ਦਿੱਲੀ ਜਾਂ ਅੰਮ੍ਰਿਤਸਰ
ਮੇਰਾ ਪਿੰਡ ਰੂਮੀ ਜਾਂ ਪ੍ਰੀਤ ਨਗਰ
ਇਹ ਜੋ ਚੌਂਕ 'ਚ ਲਹੂ ਲੁਹਾਨ ਪਿਆ
ਇਹ ਪੰਨਾ ਮੇਰੀ ਕਿਤਾਬ ਦਾ ਹੈ,
ਧਰਤੀ ਤੇ ਡੁਲ੍ਹਿਆ ਇਹ ਰੰਗ ਨਹੀਂ
ਇਹ ਲਹੂ ਮੇਰੇ ਪੰਜਾਬ ਦਾ ਹੈ ।

# ਪਾਪੂਲਰ ਓਕ ਐਂਡ ਪਾਈਨ ਕਰਾਫਟ ਲਿਮਿ:

# POPULAR

## Oak and Pine Craft Ltd.

7935 - 128th Street, SURREY, B.C.

**Ph. 596-1216**



ਅਸੀਂ ਆਪਣੀ ਫੈਕਟਰੀ ਵਿਚ ਬੈਡਰੂਮ ਸੁਈਟਾਂ, ਸੋਫਾ ਸੈਟਜ਼ ਡਾਇਨਿੰਗ ਰੂਮ ਸੁਈਟਜ਼ ਅਤੇ ਹੋਲਸੇਲ ਦੀਆਂ ਕੀਮਤਾਂ ਤੇ ਲਾ ਦਿੱਤੀਆਂ ਹਨ । ਇਹੋ ਜਿਹੇ ਸ਼ਾਨਦਾਰ ਮੌਕੇ ਦਾ ਫਾਇਦਾ ਉਠਾਓ ।

**ਵੈਨਕੂਵਰ ਵਿਚ ਪਹਿਲੀ ਵਾਰ ਫਰਨੀਚਰ ਫੈਕਟਰੀ ਤੋਂ ਸਿਧਾ ਹੋਲਸੇਲ ਕੀਮਤਾਂ ਤੇ ਮਿਲਣ ਲੱਗਾ ਹੈ**



# ਸਿਧੇ ਫੈਕਟਰੀ ’ਤੇ ਪਹੁੰਚੋ

## ਤੇ ਮਨਮਰਜ਼ੀ ਦਾ ਫਰਨੀਚਰ ਖ੍ਰੀਦੋ

# ਰੰਗ-ਬਰੰਗੀਆਂ ਸੇਲਾਂ ਤੋਂ ਬਚੋ

# ਮੈਨੂੰ ਜਾਣਨੈ ?

ਕਹਾਣੀ

ਕੁਲਵੰਤ ਸਿੰਘ ਵਿਰਕ

ਮੈਨੂੰ ਟੋਕਰੀ ਵਿਚ ਫਲ ਪੁਆਂਦਿਆਂ ਵੇਖ ਕੇ ਉਹ ਚੁਕਣ ਲਈ ਦੁਕਾਨ ਤੇ ਆ ਖਲੋਤਾ ।

'ਟੋਕਰੀ ਚੁਕਾਣੀ ਏ' ? ਉਸ ਹੋਲੀ ਜਿਹੀ ਪੁਛਿਆ ।

ਇਹੋ ਜਿਹੀ ਦਿਸਣੀ ਵਾਲੇ ਚਿਹਰੇ ਵਿਚੋਂ ਮੈਨੂੰ ਇਸ ਤੋਂ ਉਚੀ ਆਵਾਜ ਆਉਣ ਦੀ ਉਮੀਦ ਵੀ ਨਹੀਂ ਸੀ । ਓਪਰੀ ਜਿਹੀ ਨਜਰ ਨਾਲ ਵੇਖਿਆਂ ਵੀ ਇਹ ਦਿਸ ਪੈਂਦਾ ਸੀ ਕਿ ਉਸ ਦੇ ਹੋਸ਼ ਹਵਾਸ ਬਹੁਤੇ ਟਿਕਾਣੇ ਨਹੀ । ਅਸਲੋਂ ਹੀ ਮੁਰਦਾ ਦਿਲ ਜਾਪਦਾ ਸੀ ।

ਮੈਂ ਨਾਂਹ ਕਰ ਦਿਤੀ। ਉਸ ਨੂੰ ਆਪਣੇ ਨਾਲ ਤੋਰਨ ਨੂੰ ਮੇਰਾ ਜੀ ਨਹੀਂ ਕਰਦਾ ਸੀ । ਜੇ ਉਸ ਨੂੰ ਅਜੇ ਵੀ ਮਨੁੱਖ ਕਿਹਾ ਜਾ ਸਕਦਾ ਸੀ ਤਾਂ ਉਹ ਮਨੁਖਤਾ ਦਾ ਬੜਾ ਮਿਧਿਆ ਹੋਇਆ ਨਮੂਨਾ ਸੀ । ਜ਼ਿੰਦਗੀ ਉਸ ਵਿਚ ਇੰਨੀ ਕੁ ਹੀ ਸੀ ਜਿੰਨੀ ਮਾਂਹ ਦੇ ਦਾਣੇ ਤੇ ਸਫੇਦੀ । ਉਸਦੇ ਮੱਥੇ, ਬੁੱਲ੍ਹ, ਧੌਣ, ਕਪੜੇ, ਪੈਰ ਸਾਰਿਆਂ ਤੇ ਜਿਵੇਂ ਇਕ ਸਾਝਾ ਸੁਹਾਗਾ ਵਜ ਗਿਆ ਹੋਇਆ ਸੀ । ਉਹਨਾਂ ਵਿਚੋਂ ਕੋਈ ਵੀ ਵੇਖਣ ਵਾਲੇ ਦੇ ਦਿਲ ਨੂੰ ਆਵਾਜ ਨਹੀਂ ਮਾਰਦਾ ਸ਼ੀ । ਉਸ ਨਾਲ ਗਲ ਕੀਤਿਆਂ ਜਵਾਬ ਆਉਣ ਦੀ ਉਮੀਦ ਨਹੀਂ ਸੀ । ਸਮਾਨ ਚੁਕਾ ਕੇ ਨਾਲ ਤੁਰਨ ਵਾਲਾ ਵੀ ਤੇ ਆਖਰ ਸਾਥੀ ਹੀ ਹੁੰਦਾ ਹੈ । ਤੁਸੀਂ ਕਸੇ ਬੰਦੇ ਨੂੰ ਸਾਮਾਨ ਚੁਕ ਕੇ ਜਾਂ ਉਸ ਨਾਲ ਇਕ ਤਰਾਂ ਨਿਰਸਬੰਧ ਹੋ ਕੇ ਨਹੀਂ ਟੁਰ ਸਕਦੇ, ਜ਼ਿਵੇਂ ਖੋਤੇ ਜਾਂ ਮੋਟਰ ਤੇ ਸਾਮਾਨ ਰਖਿਆ ਹੋਇਆ ਹੁੰਦਾ ਹੈ । ਉਸ ਦੀ ਹੋਂਦ ਦਾ ਪਰਭਾਵ ਤੁਹਾਡੇ ਤੇ ਪੈਂਦਾ ਰਹਿੰਦਾ ਹੈ ।

ਮੇਰੇ ਨਾਂਹ ਕਰਨ ਦਾ ਉਸ ਤੇ ਅਸਲੋਂ ਕੋਈ ਅਸਰ ਨਾ ਹੋਇਆ । ਪਤਾ ਨਹੀਂ ਉਸ ਨੇ ਸੁਣਿਆਂ ਵੀ ਕਿ ਨਾ । ਮੈਨੂੰ ਉਸ ਦੀ ਸੁਣਨ, ਬੋਲਣ, ਵੇਖਣ ਕਿਸੇ ਵੀ ਸ਼ਕਤੀ ਤੇ ਕੋਈ ਵਿਸ਼ਵਾਸ਼ ਨਹੀਂ ਸੀ । ਉਸ ਨੂੰ ਅਜੇ ਵੀ ਉਥੇ ਖਲੋਤਾ ਵੇਖ ਕੇ ਦੁਕਾਨਦਾਰ ਮੈਨੂੰ ਖੁਸ਼ ਕਰਨ ਲਈ ਉਸ ਨਾਲ ਤੱਤਾ ਹੋਣ ਲਗ ਪਿਆ । ਉਸ ਦੀ ਬੇਇਜ਼ਤੀ ਦਾ ਕਾਰਨ ਬਣ ਕੇ ਮੈਨੂੰ ਅਫ-ਸੋਸ ਹੋਇਆ । ਆਖਰ ਮੈਂ ਕਿਸੇ ਨੂੰ ਤੇ ਫਲ ਚੁਕਾਣੇ ਹੀ ਸਨ । ਚਲੋ ਇਸੇ ਨੂੰ ਹੀ ਚੁਕਾ ਲੈਂਦੇ ਹਾਂ । ਮੈਂ ਮੰਨ ਗਿਆ ।

ਅਸੀਂ ਟੁਰ ਪਏ । ਟੁਰਦਿਆਂ ਟੁਰ-ਦਿਆਂ ਮੈਂ ਇਹ ਜਾਨਣ ਲਈ ਕਾਹਲਾ ਪੈ ਗਿਆ ਕਿ ਗਲ ਨੇ ਉਸ ਨੂੰ ਇਸ ਤਰਾਂ ਰਗੜ ਸੁਟਿਆ ਸੀ । ਭੁਖ ਨੰਗ ਦੇ ਮਿਧੇ ਹੋਏ ਲੋਕ ਮੈਂ ਅਗੇ ਵੇਖੇ ਸਨ । ਉਹਨਾਂ ਵਿਚੋਂ ਤਾਂ ਕਈਆਂ ਨੂੰ ਇਸ ਨਾਲ ਹੋਰ ਵੀ ਬਲ ਮਿਲ ਜਾਂਦਾਂ ਹੈ ਤੇ ਉਹ ਹੋਰ ਵੀ ਵਧੇਰੇ ਚੇਤੰਨ ਹੋ ਜਾਂਦੇ ਨੇ । ਨਹੀਂ ਇਹ ਉਹਨਾਂ ਵਿਚੋਂ ਨਹੀਂ ਸੀ । ਉਸ ਨੂੰ ਸ਼ਾਇਦ ਇਹ ਵੀ ਪਤਾ ਨਹੀਂ ਸੀ ਕਿ ਉਹ ਕੁਮਲਾ ਗਿਆ ਹੈ । ਪੈਰ ਪੈਰ ਤੇ ਮੈਨੂੰ ਡਰ ਲਗਦਾ ਸੀ ਕਿ ਉਹ ਕਿਧਰੇ ਮੋਟਰ ਟਾਂਗੇ ਥਲੇ ਨਾ ਆ ਜਾਵੇ ।

'ਤੂੰ ਇਥੋਂ ਦਾ ਹੈਂ ਕਿ ਉਧਰੋਂ ਆਇਆ ਏਂ ?' ਮੈਂ ਗਲ ਛੇੜ ਦਿਤੀ । ਉਧਰੋਂ ਤੋਂ ਮੇਰਾ ਭਾਵ ਪਾਕਿਸਤਾਨ ਤੋਂ ਸੀ ।

ਉਸ ਨੇ ਮੇਰੀ ਗਲ ਨਾ ਗੋਲੀ । ਮੇਰੇ ਸੁਆਲਾਂ ਦਾ ਜੁਆਬ ਦੇਣ ਨੂੰ ਉਹ ਕੋਈ ਕਾਹਲਾ ਨਹੀਂ ਸੀ । ਜਾਂ ਤੇ ਉਹ ਸੁਣਦਾ ਨਹੀਂ ਸੀ ਜਾਂ ਸੁਣ ਕੇ ਸਮਝਦਾ ਨਹੀਂ ਸੀ । ਪਿਛਲੀ ਗਲ ਸਰਾਈ ਦੇ ਵਧੇਰੇ ਨੇੜੇ ਦਿਸਦੀ ਸੀ । ਬਾਹਰਲੀਆਂ ਆਵਾਜ਼ਾਂ ਉਸ ਦੇ ਦਿਮਾਗ ਵਿਚ ਖੁਭ ਕੇ ਕੋਈ ਜਵਾਬ ਕਢਣ ਦੀ ਥਾਂ ਇਧਰ ਉਧਰ ਤਿਲਕ ਜਾਂਦੀਆਂ ਜਿਵੇਂ ਬਤਖ ਦੇ ਪਿੰਡੇ ਤੋਂ ਪਾਣੀ । ਬੜੀ ਮੁਸ਼ਕਲ ਨਾਲ ਮੈਂ ਕੁਝ ਗੱਲਾਂ ਉਸ ਦੇ ਅੰਦਰੋਂ ਖਰਚੀਆਂ ।

'ਤੂੰ ਪਾਕਿਸਤਾਨ ਵਿਚੋਂ ਆਇਆ ਹੋਇਆ ਏਂ ?

'ਆਹੋ ।'

ਕਿਹੜੇ ਥਾਓ ?'

'ਸਾਂਗਲਿਓਂ ।'

'ਇਥੇ ਕੀ ਕਰਨਾ ਏ ?'

'ਕੁਝ ਵੀ ਨਹੀਂ ।'

'ਰਾਤ ਸੌਂਦਾ ਕਿਥੇ ਵੇਂ ?'

'ਏਥੇ ਈ ਸੜਕ ਤੇ ਸੌਂ ਰਹਿਨਾ ਵਾਂ ।'

'ਰੋਟੀ ਕਿਥੋਂ ਖਾਨਾ ਏਂ ?'

'ਕਿਸੇ ਤਨੂਰ ਤੋਂ ਖਾ ਲੈਨਾਂ, ਦੋ ਆਨਿਆਂ ਦੀ ।'

'ਤੇਰੀ ਵਹੁਟੀ, ਧੀ, ਪੁਤਰ, ਭੈਣ ਭਰਾ ਕੁਝ ਨਹੀਂ ?'

'ਉਹੂੰ !' ਉਸ ਨੇ ਸਿਰ ਫੇਰ ਦਿਤਾ ।

'ਤੂੰ ਦਿਹਾੜੀ ਵਿਚ ਕਿੰਨੇ ਪੈਸੇ ਖੱਟ ਲੈਨਾ ਏ ?'

'ਇਹੋ ਪੰਜ ਸਤ ਆਨੇ ।'

ਉਹ ਸ਼ਾਂਗਲੇ ਤੋਂ ਆਇਆ ਸੀ । ਮੈਂ ਸੁਣਿਆ ਹੋਇਆ ਸੀ ਕਿ ਸਾਂਗਲੇ ਇਕ ਪਹਾੜੀ ਹੈ, ਜਿਸ ਤੋਂ ਪੱਥਰ ਕੱਟ ਕੇ ਗੱਡੀ ਦੀਆਂ ਲਾਈਨਾਂ ਤੇ ਵਛਾਇਆ ਜਾਂਦਾ ਹੈ । ਇਸੇ ਲਈ ਉਸ ਨੂੰ ਸਾਂਗਲਾ ਹਿਲ ਵੀ ਆਖਦੇ ਸਨ । 'ਤੂੰ ਉਥੇ ਸਾਂਗਲੇ ਕਦੀ ਪਹਾੜੀ ਤੇ ਚੜਿਆ ਸੈਂ ।' ਮੈਂ ਗਲ ਟੋਰੀ ਰਖਣ ਲਈ ਕਿਹਾ ।

'ਹੈਂ ?'

'ਤੂੰ ਸਾਂਗਲੇ ਤੋਂ ਆਇਆ ਏਂ ਨਾਂ । ਉਥੇ ਜਿਹੜੀ ਪਹਾੜੀ ਸੀ ਤੂੰ ਕਦੀ ਉਸ ਤੇ ਚੜਿਆ ਸੈਂ ?

'ਤੂੰ ਮੈਨੂੰ ਜਾਣਨੈ ?' ਉਸ ਚਾ ਨਾਲ ਉਛਲ ਕੇ ਕਿਹਾ । ਪਹਾੜੀ ਨਾਲ ਜੋੜਿਆਂ ਜਿਵੇਂ ਉਸ ਨੂੰ ਅੰਮ੍ਰਿਤ ਦਾ ਟੀਕਾ ਲਗ ਗਿਆ ਹੋਵੇ । ਆਪਣੇ ਸਾਂਗਲੇ ਤੋਂ ਆਉਣ ਦੀ ਗਲ ਉਸ ਆਪ ਮੈਨੂੰ ਦਸੀ ਸੀ ਇਹ ਉਸ ਨੂੰ ਯਾਦ ਨਹੀਂ ਸੀ ਰਿਹਾ ।

'ਆਹੋ ਮੈਂ ਤੈਨੂੰ ਉਥੇ ਵੇਖਿਆ ਏ । ਮੈਂ ਉਸ ਦਾ ਦਿਲ ਨਹੀਂ ਤੋੜਨਾ ਚਾਹੁੰਦਾ ਸਾਂ ।''

'ਹੱਲਾ !' ਉਸ ਦੇ ਮੂੰਹ ਤੇ ਖੇੜਾ ਖੇਡ ਰਿਹਾ ਸੀ । ਉਸ ਸਿਰ ਤੋਂ ਪੈਰਾਂ ਤਕ


ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

BOMBAY SWEETS MANUFACTURER INC.

6556 —6560 MAIN (at 49th.Ave.)

VANCOUVER, B.C. V5X 3G9

Tel. (604) 321-1414

Or 874-5722

CONTACT:

NARESH SHUKLA & BROS.

\$2.50 / ਪੌਂਡ ਵਾਲੀਆਂ ਜਲੇਬੀਆਂ \$1.49

\$2.50 / ਪੌਂਡ ਵਾਲੇ ਲੱਡੂ \$1.75

ਮੈਨੂੰ ਚੰਗੀ ਤਰਾਂ ਵੇਖਿਆ ਤੇ ਫਿਰ ਆਪਣੇ ਆਪ ਨੂੰ। ਜਦ ਦਾ ਉਹ ਮੇਰੇ ਨਾਲ ਤੁਰਿਆ ਸੀ, ਪਹਿਲੀ ਵਾਰ ਉਸਨੇ ਕੁਝ ਦੇਖਣ ਦੀ ਕੋਸ਼ਿਸ਼ ਕੀਤੀ ਸੀ।

'ਤੂੰ ਮੈਨੂੰ ਉਥੇ ਵੇਖਿਐ ?' ਉਸ ਮੇਰੀ ਕੀਤੀ ਹੋਈ ਗਲ ਨੂੰ ਫਿਰ ਦੁਹਰਾਇਆ ਹੈ।

'ਆਹੋ।'

'ਮੈਨੂੰ ਤੇ ਨਹੀਂ ਤੇਰਾ ਚੇਤਾ ਆਉਂਦਾ।'

'ਤੈਨੂੰ ਨਹੀਂ ਆਉਂਦਾ ਪਰ ਮੈਂ ਤੈਨੂੰ ਉਥੇ ਵੇਖਿਐ।'

ਇੰਨੇ ਨੂੰ ਅਸੀਂ ਘਰ ਅਪੜ ਪਏ। ਮੈਂ ਉਸਦੀ ਮਜਦੂਰੀ ਦਿਤੀ।

'ਇਕ ਗੱਲ ਹੋਰ ਏ।'

'ਕੀ ?'

'ਮੈਨੂੰ ਕੋਈ ਪੁਰਾਣਾ ਕਮੀਜ਼ ਪਜਾਮਾ ਦੇਹ।'

ਨਵੀਂ ਗੰਢੀ ਵਾਕਫੀ ਕਰ ਕੇ ਮੈਂ ਉਸ ਨੂੰ ਨਾਂਹ ਨਹੀਂ ਕਰ ਸਕਦਾ ਸਾਂ। ਇਕ ਪੁਰਾਣੀ ਕਮੀਜ਼ ਤੇ ਪਜਾਮਾ ਮੈਂ ਅੰਦਰੋਂ ਲਿਆ ਕੇ ਉਸ ਨੂੰ ਦੇ ਦਿਤਾ। ਉਹ ਖੁਸ਼ੀ ਖੁਸ਼ੀ ਪਿਛਾਂ ਮੁੜ ਗਿਆ। ਉਸ ਦਾ ਪੈਰ ਹੁਣ ਕੁਝ ਤ੍ਰਿਖਾ ਸੀ।

ਤਿੰਨ ਚਾਰ ਦਿਨ ਲੰਘ ਗਏ। ਇਕ ਦਿਨ ਉਹ ਮੇਰੇ ਘਰ ਆ ਕੇ ਵਾਜ਼ਾ ਮਾਰਨ ਲਗ ਪਿਆ। ਮੈਂ ਬਾਹਰ ਆਇਆ ਤੇ ਉਸ ਨੂੰ ਵੇਖਕੇ ਹੈਰਾਨ ਰਹਿ ਗਿਆ। ਉਹ ਪਹਿਲੇ ਨਾਲੋਂ ਬਹੁਤ ਬਦਲਿਆਂ ਹੋਇਆ ਸੀ। ਉਸਨੇ ਮੇਰਾ ਦਿਤਾ ਹੋਇਆ ਕਮੀਜ ਪਜਾਮਾ ਪਾਇਆ ਹੋਇਆ ਸੀ। ਉਸ ਦਾ ਮੂੰਹ ਅੱਖਾਂ ਨਕ ਸਭ ਨਿਖਰੇ ਹੋਏ ਸਨ। ਕੋਲ ਹੀ ਉਸ ਨੇ ਇਕ ਸਾਈਕਲ ਰਿਖਸ਼ਾ ਖੜੀ ਕੀਤੀ ਹੋਈ ਸੀ।

'ਸੈਰ ਕਰਨ ਜਾਣੈ ?' ਉਸ ਪੁਛਿਆ। ਉਹ ਹੁਣ ਰਿਕਸ਼ਾ ਵਾਹੁਣ ਲਗ ਪਿਆ ਸੀ ਤੇ ਆਪਣੇ ਰਿਕਸ਼ੇ ਤੇ ਬਿਠਾ ਕੇ ਮੈਨੂੰ ਇਧਰ -ਉਧਰ ਘੁਮਾਣਾ ਚਾਹੁੰਦਾ ਸੀ। 'ਨਹੀਂ ਭਈ ਮੈਂ ਵਾਂਢੇ ਜਾਣੈ। ਹੁਣ ਸਮਾਨ ਬੰਨ ਰਿਹਾ ਹਾਂ ਦਸਾਂ ਦਿਨਾਂ ਨੂੰ ਮੁੜ ਕੇ ਆਵਾਂਗਾ, ਫਿਰ ਤੇਰੇ ਨਾਲ ਸੈਰ ਕਰਨ ਚਲਾਂਗਾ।'

ਦਸਾਂ ਦਿਨਾਂ ਪਿਛੋਂ ਉਹ ਫਿਰ ਆਇਆ। ਮੈਂ ਉਸ ਦੇ ਰਿਕਸ਼ੇ ਤੇ ਬੈਠ ਗਿਆ। 'ਕਿਥੇ ਦੀ ਸੈਰ ਕਰਨੀ ਏਂ ?' ਉਸ ਪੁਛਿਆ। ਮੈਂ ਕਿਹਾ 'ਜਿਥੇ ਸਲਾਹ ਈ ਲੈ ਚਲ।'

ਇਕ ਗਲੀ ਵਿਚ ਜਾ ਕੇ ਉਸ ਨੇ ਰਿਕਸ਼ਾ ਖੜੀ ਕਰ ਦਿਤੀ। ਉਸ ਜੰਦਰਾ ਖੋਲਿਆ ਅਸੀਂ ਇਕ ਕੋਠੇ ਵਿਚ ਵੜ ਗਏ। ਉਥੇ ਇਕ ਮੰਜੀ ਡੱਠੀ ਹੋਈ ਸੀ। ਇਕ ਕੰਧ ਤੇ ਇਕ ਲਾਲਟੈਨ ਟੰਗੀ ਹੋਈ ਸੀ ਤੇ ਪੁਰਾਣੇ ਰਸਾਲਿਆਂ ਤੇ ਅਖ-ਬਾਰਾਂ ਵਿਚੋਂ ਪਾੜੀਆਂ ਹੋਈਆਂ ਐਕਟਰੈਸ ਦੀਆਂ ਕੁਝ ਤਸਵੀਰਾਂ ਲਗੀਆਂ ਹੋਈਆ ਸਨ। ਮੈਂ ਮੰਜੀ ਤੇ ਬੈਠ ਗਿਆ।

'ਇਹ ਕੋਠਾ ਤੇਰਾ ਏ ?' ਮੈਂ ਪੁਛਿਆ।

'ਇਹ ਮੈਂ ਕਰਾਏ ਤੇ ਲਿਆ ਹੈ। ਮੈਂ ਕਿਹਾ ਤੈਨੂੰ ਸੈਰ ਕਰਾਣ ਲਿਆਵਾਂਗਾ ਇਥੇ। ਇਸ ਰਿਕਸ਼ੇ ਵਿਚੋਂ ਮੈਨੂੰ ਦੋ ਤਿੰਨ ਰੁਪਏ ਰੋਜ ਬਚ ਜਾਂਦੇ ਨੇ। ਕਰਾਇਆ ਕਰੂਆ ਦੇ ਲਵਾਂਗੇ।'

'ਉਧਰ ਕੀ ਕੰਮ ਕਰਦਾ ਸੈਂ ਤੂੰ ?'

-ਉਧਰ ਮੈਂ ਕਈ ਕੰਮ ਕੀਤੇ, ਮੇਰਾ ਪਿਓ ਆਪਣੇ ਪਿੰਡ ਵਿਚ ਖੱਡੀ ਉਣਦਾ ਸੀ। ਪਹਿਲੇ ਮੈਂ ਖੱਡੀ ਉਣਨੀ ਸਿਖੀ। ਫਿਰ ਖੱਡੀਆਂ ਛਡ ਕੇ ਬਕਰੀਆਂ ਪਾਲੀਆਂ। ਫਿਰ ਮੇਰਾ ਪਿਓ ਮਰ ਗਿਆ। ਹੋਰ ਕੋਈ ਭੈਣ ਭਰਾ ਹੈ ਨਹੀਂ ਸੀ। ਉਹ ਹਟੀ ਚੁਕ ਕੇ ਮੈਂ ਸਾਂਗਲੇ ਸ਼ਹਿਰ ਲੈ ਆਂਦੀ ਤੇ ਉਥੇ ਹੀ ਮਿਸਰੀ ਨਸ਼ਾਦਰ ਦੇ ਡਬੇ ਪੀਪੇ ਭਰੇ ਭਰਾਏ ਛਡ ਕੇ ਇਧਰ ਆ ਗਿਆ। ਫਿਰ ਹੁਣ ਤੂੰ ਮਿਲ ਪਿਉਂ।'

'ਤੂੰ ਹੁਣ ਵਿਆਹ ਕਰਾ ਲੈ' ਮੈਂ ਦੀਵਾਲੇ ਦੀ ਸੂੰਝ ਅਨੁਭਵ ਕਰਦਿਆਂ ਹੋਇਆ ਮਸ਼ਵਰਾ ਦਿਤਾ।

'ਵਿਆਹ ਤੇ ਮੈਂ ਇਕ ਉਧਰ ਵੀ ਕਰਾਇਆ ਸੀ। ਇਕ ਦਿਨ ਮੈਂ ਉਹਨੂੰ ਦੋ ਚਪੇੜਾਂ ਮਾਰ ਬੈਠਾ, ਰੋਣ ਪਿਟਣ ਲਗ ਪਈ। ਆਂਢ ਗੁਆਂਢ ਨੂੰ ਰੋ ਰੋ ਸੁਣਾਏ। ਆਖੇ ਮੈਂ ਮੁਫਤ ਲਭੀਆਂ ਤਾਹੀਓਂ ਈ ਤੇ ਮਾਰਦਾ ਏ। ਜੇ ਪੈਸੇ ਖਰਚ ਕੇ ਲਿਆਂਦੀ ਹੁੰਦੀ ਤਾਂ ਕਾਹਤੇ ਮਾਰਦਾ। ਅਗਲੇ ਦਿਨ ਉਹ ਪੇਕਿਆਂ ਦੇ ਘਰ ਟੁਰ ਗਈ। ਬਸ ਫਿਰ ਨਹੀਂ ਆਈ। ਹੁਣ ਜੇ ਵਿਆਹ ਕਰਾਇਆ ਤਾਂ ਪੈਸੇ ਦੇ ਕੇ ਹੀ ਕਰਾਂਗੇ। ਉਂਝ ਵੀ ਕਿਹੜਾ ਸਾਡੇ ਲਈ ਕੋਈ ਮੁਫਤ ਸਾਕ ਲਈ ਬੈਠਾ ਏ। ਏਧਰ ਆ ਕੇ ਵਰਿਆਂ ਪਿਛੋਂ ਤੇ ਸਿਯਾਣੂ ਬੰਦਾ ਮਥੇ ਲਗਾ ਏ। ਬਸ ਕਝ ਕਰੋ ਕੁਝ ਨਾ ਕਰੋ, ਕੋਈ ਵੇਖਦਾ ਈ ਨਹੀਂ, ਕੋਈ ਸਿਵਾਣਦਾ ਹੀ ਨਹੀਂ। ਪਤਾ ਨਹੀਂ ਲੋਕ ਕਿਧਰ ਨੂੰ ਲਗ ਗਏ ਨੇ। ਵਿਆਹ ਤੇ ਹੁਣ ਮੈਂ ਕਰਾ ਲੈਣੈ, ਬਸ ਪੈਸੇ ਇਕੱਠੇ ਹੋਣ ਦੀ ਡੇਰ ਏ।'

'ਜਦੋਂ ਦਾ ਤੂੰ ਏਧਰ ਆਇਆ ਏ, ਜੇ ਉਦੋਂ ਦਾ ਲਗਾ ਹੁੰਦਾ, ਤਾਂ ਹੁਣ ਨੂੰ ਦੋ ਵਹੁਟੀਆਂ ਜੋਗੇ ਪੈਸੇ ਬਣਾ ਲੈਣੇ ਸਨ। ਮੈਂ ਉਸ ਨੂੰ ਹੱਲਾ ਸ਼ੇਰੀ ਦਿੰਦੇ ਹੋਏ ਕਿਹਾ।

'ਕੋਈ ਸੁਰ ਈ ਨਹੀਂ ਲਗਾ। ਮੈਨੂੰ ਤੇ ਸੁਰਤ ਈ ਹੁਣ ਆਈ ਏ, ਜਿਉਂ ਦਾ ਪਾਰ ਟੱਪਿਆ। ਮੈਨੂੰ ਤੇ ਜਾਣਦਾ ਹੀ ਕੋਈ ਨਹੀਂ ਸੀ।'



BOOK NOW FLY LATER SAVE MONEY

SPECIAL FARES TO:
San Francisco Toronto London

Cheapest Fares To New Delhi, Bombay, Madras, Calcutta, Karachi, Colombo & Kathmandu

WE ARE AUTHORIZED AGENTS FOR.
AIR CANADA
CATHAY PACIFIC
Canadian
Wardair Canada
JAL
JAPAN AIR LINES
KLM
UNITED

Goyal Travels Inc.
4152 Fraser St., Vancouver, B.C. V5V 4E8
PH. (604) 877-7777
TOLL FREE From B.C., Alberta, Saskatchewan & Manitoba.
1-800-663-8638
CALGARY
Ph. (403) 235-6808
TORONTO
(416) 593-6966

# "ਫੈਡਰੇਸ਼ਨ ਦਾ ਸੱਦਾ"

ਸਿੱਖ ਸਟੂਡੈਂਟ ਫੈਡਰੇਸ਼ਨ ਨੇ ਤੀਹ ਜੂਨ ਨੂੰ ਪੰਜਾਬ ਬੰਦ ਦਾ ਸੱਦਾ ਦਿੱਤਾ ਹੈ। ਫੈਡਰੇਸ਼ਨ ਦੇ ਇਕ ਪ੍ਰੈਸ ਨੋਟ ਅਨੁਸਾਰ ਇਹ ਸੱਦਾ "ਸਿੱਖਾਂ ਵਿਰੁੱਧ ਪੁਲਸ ਜਬਰ ਵਿਰੁੱਧ ਅਤੇ ਸਿਮਰਨਜੀਤ ਸਿੰਘ ਮਾਨ ਤੇ ਦੂਜਿਆਂ ਨੂੰ ਝੂਠੇ ਕੇਸਾਂ ਵਿਚ ਵਲਣ ਵਿਰੁੱਧ ਰੋਸ ਵਜੋਂ ਦਿੱਤਾ ਗਿਆ ਹੈ।

ਅਕਾਲੀਆਂ ਦੇ ਵੱਖ ਵੱਖ ਗਰੁਪ ਵੀ ਆਪਣੇ ਸਮਾਗਮਾਂ ਵਿਚ ਪੰਜਾਬ ਅੰਦਰ ਪੁਲਸ ਵਧੀਕੀਆਂ ਦਾ ਕਾਫੀ ਵਰਨਣ ਕਰ ਰਹੇ ਹਨ। ਇਹ ਆਖ ਰਹੇ ਹਨ ਕਿ ਪੁਲਸ ਸਿੱਖ ਨੌਜਵਾਨਾਂ ਨੂੰ ਫੜਕੇ ਮਾਰੀ ਜਾ ਰਹੀ ਹੈ।

ਫੈਡਰੇਸ਼ਨ ਵਲੋਂ ਸੱਦੇ ਗਏ ਇਸ ਬੰਦ ਵਿਚ ਅਕਾਲੀਆਂ ਦੇ ਵੱਖ ਵੱਖ ਧੜੇ ਸ਼ਾਮਲ ਹੁੰਦੇ ਹਨ ਜਾਂ ਨਹੀਂ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਅਜਿਹਾ ਰੋਸ ਪ੍ਰਗਟ ਕਰਕੇ ਫੈਡਰੇਸ਼ਨ ਇਹ ਪ੍ਰਭਾਵ ਦੇਣਾ ਚਾਹੁੰਦੀ ਹੈ ਕਿ ਪੰਜਾਬ ਅੰਦਰ ਪੁਲਸ ਅੰਨ੍ਹੇਵਾਹ ਸਿਖ ਨੌਜਵਾਨਾਂ ਨੂੰ ਮਾਰੀ ਜਾ ਰਹੀ ਹੈ।

ਪੰਜਾਬ ਅੰਦਰ ਪਿਛਲੇ ਸਮੇਂ ਵਿਚ ਪੁਲਸ ਨੇ ਦਰਜਨਾ ਹੀ ਅਨਾਮੀ ਅੱਤਵਾਦੀ ਫੜੇ ਹਨ ਜਾਂ ਪੁਲਸ ਮੁਕਾਬਲਿਆਂ ਵਿਚ ਮਾਰੇ ਹਨ। ਇਸ ਤੋਂ ਬਿਨਾ ਅੱਤਵਾਦੀ ਤੱਤਾਂ ਨੂੰ ਪਨਾਹ ਦੇਣ ਵਾਲੇ ਵੀ ਪੁਛ-ਪੜਤਾਲ ਲਈ ਫੜੇ ਹਨ।

ਪੰਜਾਬ ਪੁਲਸ ਅਤੇ ਨੀਮ-ਫੌਜੀ ਦਸਤਿਆਂ ਵਲੋਂ ਪੰਜਾਬ ਅੰਦਰ ਅੱਤ-ਵਾਦੀ-ਵੱਖਵਾਦੀ ਤੱਤਾਂ ਵਿਰੁੱਧ ਜਿਹੜੀ ਮੁਹਿੰਮ ਚਲਾਈ ਜਾ ਰਹੀ ਹੈ ਉਸ ਵਿਚ ਇਸ ਗੱਲ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਕਈ ਹਾਲਤਾਂ ਵਿਚ ਕੁਝ ਬੇਕਸੂਰ ਲੋਕ ਵੀ ਸ਼ੱਕ ਦੀ ਬਿਨਾ ਤੇ ਜਾਂ ਹੋਰ ਕੁਝ ਰਲਦੇ ਮਿਲਦੇ ਤੱਥਾਂ ਦੇ ਆਧਾਰ ਉੱਤੇ ਮਾਰੇ ਜਾ ਸਕਦੇ ਹਨ। ਅੱਤਵਾਦੀਆਂ ਨੂੰ ਪਨਾਹ ਦੇਣ ਦੇ ਮਾਮਲੇ ਵਿਚ ਵੀ ਪੁਲਸ ਨੇ ਕੁਝ ਥਾਵਾਂ ਉੱਤੇ ਵਧੀਕੀਆਂ ਕੀਤੀਆਂ ਹਨ ਅਤੇ ਔਰਤਾਂ ਨੂੰ ਕੁੱਟ-ਮਾਰ ਕੀਤੀ ਹੈ। "ਪਨਾਹ" ਦੇਣ ਦਾ ਮਾਮਲਾ ਅਜੋਕੀ ਅਵਸਥਾ ਵਿਚ ਪਹਿਲਾਂ ਵਰਗਾ ਨਹੀਂ ਰਿਹਾ। ਜਿੱਥੇ ਅੱਜ ਤੋਂ ਦੋ ਸਾਲ ਪਹਿਲਾਂ ਅੱਤਵਾਦੀ ਤੱਤਾਂ ਨਾਲ ਹਮਦਰਦੀ ਵਜੋਂ ਉਹਨਾਂ ਨੂੰ ਪੇਂਡੂ ਖੇਤਰਾਂ ਵਿਚ ਜਾਂ ਫਾਰਮ ਹਾਊਸਾਂ ਵਿਚ ਪਨਾਹ ਮਿਲਦੀ ਸੀ ਓਥੇ ਅਜੋਕੀ ਅਵਸਥਾ ਵਿਚ ਪਹਿਲਾਂ ਵਾਲੀ ਗੱਲ ਨਹੀਂ। ਹੁਣ ਅੱਤਵਾਦੀਆਂ ਨੂੰ ਪਨਾਹ ਦੇਣ ਵਾਲਿਆਂ ਦੀ ਗਿਣਤੀ ਉਂਗਲਾਂ 'ਤੇ ਗਿਣੇ ਜਾਣ ਵਾਲੀ ਹੀ ਕਹੀ ਜਾ ਸਕਦੀ ਹੈ। ਇਸ ਤਰਾਂ ਉਹ ਧੱਕੇ ਨਾਲ ਆਪਣਾ ਠਕਾਣਾ ਬਣਾਉਂਦੇ ਹਨ ਅਤੇ ਕਿਉਂ ਜੁ ਉਹਨਾਂ ਦੀ ਦਹਿਸ਼ਤ ਬਹੁਤ ਹੈ ਇਸ ਲਈ ਉਹਨਾਂ ਦੇ ਸਬੰਧ ਵਿਚ ਕੋਈ ਵੀ ਵਿਅਕਤੀ ਬਾਹਰ ਗੱਲ ਨਹੀਂ ਦਸਦਾ। ਅਜਿਹੀ ਅਵਸਥਾ ਵਿਚ ਜੇ ਕਿਸੇ ਫੜੇ ਗਏ ਅੱਤਵਾਦੀ ਤੋਂ ਮਿਲੀ ਸੂਚਨਾ ਦੇ ਆਧਾਰ ਉੱਤੇ ਸਬੰਧਤ ਵਿਅਕਤੀ ਦੇ ਡੇਰੇ ਤੋਂ ਅੱਤਵਾਦੀ ਫੜੇ ਜਾਣ ਤਾਂ ਉਸ ਵਿਚ ਉਸ ਦਾ ਕਸੂਰ ਕੋਈ ਨਹੀਂ ਹੁੰਦਾ। ਪਰ ਅਜਿਹੀਆਂ ਹਾਲਤਾਂ ਵਿਚ ਵੀ ਪੁਲਸ ਸਬੰਧਤ ਵਿਅਕਤੀ ਨੂੰ ਗੱਫਾ ਲੈਣ ਤੋਂ ਬਿਨਾ ਨਹੀਂ ਛਡਦੀ।

ਅੱਤਵਾਦੀਆਂ ਨੂੰ ਪਨਾਹ ਦੇਣ ਦੇ ਦੋਸ਼ ਵਿਚ ਪੁਲਸ ਕੁਝ ਸ਼ੱਕੀ ਨੌਜਵਾਨਾਂ ਨੂੰ ਫੜਕੇ ਪੈਸੇ ਵੀ ਬਟੋਰਦੀ ਹੈ। ਪੁਲਸ ਇਹ ਕੁਝ ਸਾਧਾਰਨ ਹਾਲਤਾਂ ਵਿਚ ਵੀ ਕਰਦੀ ਹੈ। ਤਾਂ ਵੀ ਸਮੁੱਚੀ ਅਵਸਥਾ ਇਹ ਹੈ ਕਿ ਪੁਲਸ ਨੇ ਜਿਹੜੇ ਵੀ ਅੱਤ-ਵਾਦੀ ਕਾਬੂ ਕੀਤੇ ਹਨ ਜਾਂ ਪੁਲਸ ਮੁਕਾਬਲਿਆਂ ਵਿਚ ਮਾਰੇ ਹਨ ਉਹ ਇਨਾਮੀ ਹਨ ਅਤੇ ਉਹ ਦਰਜਨਾਂ ਹੀ ਕਤਲ ਦੀਆਂ ਵਾਰਦਾਤਾਂ ਲਈ ਦੋਸ਼ੀ ਹਨ। ਇਹਨਾਂ ਪਾਸੋਂ ਏ-ਕੇ-47 ਰਾਈਫਲਾਂ ਅਤੇ ਹੋਰ ਮਾਰੂ ਹਥਿਆਰ ਵੀ ਮਿਲੇ ਹਨ ਜਾਂ ਮਿਲਦੇ ਹਨ।

ਕੀ ਇਹਨਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਪੁਲਸ ਦਾ ਇਹਨਾਂ ਨੂੰ ਮਾਰਨਾ ਜਾਂ ਫੜਨਾ ਪੁਲਸ ਜਬਰ ਹੈ?

ਇਹ ਅੱਤਵਾਦੀ ਤੱਤ ਕੌਣ ਹਨ?

ਕੀ ਇਹ ਹਕੀਕਤ ਨਹੀਂ ਕਿ ਇਹਨਾਂ ਤੱਤਾਂ ਵਲੋਂ ਪੰਜਾਬ ਅੰਦਰ ਬੜੇ ਬੜੇ ਸੰਗੀਨ ਵਹਿਸ਼ੀ ਕਾਰੇ ਕੀਤੇ ਗਏ ਹਨ। ਇਹ ਕੇਵਲ ਪੁਲਸ ਅਤੇ ਹੋਰ ਸਿਆਸੀ ਵਿਰੋਧੀਆਂ ਨੂੰ ਹੀ ਆਪਣਾ ਨਿਸ਼ਾਨਾ ਨਹੀਂ ਬਣਾਉਂਦੇ ਚਲੇ ਆ ਰਹੇ ਸਗੋਂ ਇਹਨਾਂ ਵਲੋਂ ਪਰਵਾਰਾਂ ਦੇ ਪਰਵਾਰ ਵਹਿਸ਼ੀ ਢੰਗ ਨਾਲ ਕਤਲ ਕੀਤੇ ਜਾ ਚੁਕੇ ਹਨ ਜਿੰਨਾਂ ਵਿਚ ਔਰਤਾਂ, ਬੁੱਢੇ ਅਤੇ ਬੱਚੇ ਸ਼ਾਮਲ ਹਨ।

ਕੀ ਇਹ ਗੱਲ ਇਕ ਹਕੀਕਤ ਨਹੀਂ ਕਿ ਇਹਨਾਂ ਅੱਤਵਾਦੀ ਟੋਲਿਆਂ ਵਲੋਂ ਬਾਜ਼ਾਰਾਂ ਵਿਚ ਅੰਨ੍ਹੇਵਾਹ ਫਾਇਰਿੰਗ ਕਰਕੇ ਆਪੋ ਆਪਣੇ ਕੰਮੀ ਲੱਗੇ ਲੋਕਾਂ ਨੂੰ ਦਰਜਨਾਂ ਥਾਵਾਂ ਉੱਤੇ ਕਤਲ ਕੀਤਾ ਹੈ?

ਕੀ ਇਹ ਗੱਲ ਇਕ ਹਕੀਕਤ ਨਹੀਂ ਕਿ ਇਹਨਾਂ ਤੱਤਾਂ ਵਲੋਂ ਭੀੜ ਭੜੱਕੇ ਵਾਲੀਆਂ ਥਾਵਾਂ ਉੱਤੇ ਬੰਬ ਰੱਖਕੇ ਨਿਹੱਥੇ ਲੋਕਾਂ ਨੂੰ ਮਾਰਿਆ ਗਿਆ ਹੈ, ਖੂਨ ਦੀਆਂ ਹੋਲੀਆਂ ਖੇਡੀਆਂ ਹਨ?

ਕੀ ਇਹ ਹਕੀਕਤ ਨਹੀਂ ਕਿ ਇਹਨਾਂ ਅੱਤਵਾਦੀ ਟੋਲਿਆਂ ਵਲੋਂ ਬੱਸਾਂ ਨੂੰ ਘੇਰਕੇ ਮੁਸਾਫਰ ਕਤਲ ਕੀਤੇ ਜਾਂਦੇ ਰਹੇ ਹਨ?

ਉਹ ਕਿਹੜਾ ਗੁਨਾਹ ਬਾਕੀ ਹੈ ਜਿਹੜਾ ਕਿ ਇਹਨਾਂ ਅੱਤਵਾਦੀ ਹਤਿ-ਆਰਿਆਂ ਨੇ ਨਹੀਂ ਕੀਤਾ?

ਉਹ ਕਿਹੜਾ ਪਾਪ ਹੈ ਜਿਹੜਾ ਇਹਨਾਂ ਹਤਿਆਰਿਆਂ ਤੋਂ ਹਾਲੇ ਹੋ ਨਹੀਂ ਸਕਿਆ।

ਜੇ ਅੱਤਵਾਦੀ ਤੱਤਾਂ ਵਲੋਂ ਕੀਤੇ ਗਏ ਵਹਿਸ਼ੀ ਕਾਰਿਆਂ ਵਿਚ ਮਰਨ ਵਾਲਿਆ ਦੀ ਗਿਣਤੀ ਕੀਤੀ ਜਾਵੇ ਤਾਂ ਮਰਨ ਵਾਲਿਆਂ ਵਿਚ ਸੱਤਰ ਫੀਸਦੀ ਸਿੱਖ ਬਣਦੇ ਹਨ।

● ਪੰਜਾਬ ਦੇ ਸਰਹੱਦੀ ਜ਼ਿਲਿਆਂ ਵਿਚ ਅਵਸਥਾ ਤਾਂ ਇਹ ਬਣੀ ਹੋਈ ਹੈ ਕਿ ਅੱਤਵਾਦੀ ਸਿੱਖ ਕਿਸਾਨੀ ਉਤੇ ਹੀ ਜਬਰ ਢਾਹ ਰਹੇ ਹਨ, ਸਿੱਖ ਪਰਵਾਰਾਂ ਨੂੰ ਹੀ ਮਾਰ ਰਹੇ ਹਨ ਅਤੇ ਵਧੇਰੇ ਕਰਕੇ ਸਿੱਖ ਧਨੀ ਕਿਸਾਨਾਂ ਅਤੇ ਅਮੀਰਾਂ ਤੋਂ ਜਬਰੀ ਉਗਰਾਹੀਆਂ ਕਰ ਰਹੇ ਹਨ।

● ਪੰਜਾਬ ਅੰਦਰ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਵੀ ਹੋਈਆਂ ਹਨ ਜਿੰਨਾਂ ਵਿਚ ਆਮ ਪੇਂਡੂ ਲੋਕਾਂ ਨੇ ਅੱਤਵਾਦੀਆਂ ਨੂੰ ਖਦੇੜਿਆਂ, ਕੁੱਟ ਕੁੱਟ ਕੇ ਮਾਰ ਦਿਤਾ। ਅਜਿਹੇ ਵਾਕਿਆਤ ਏਹੀ ਦਰਸਾਉਂਦੇ ਹਨ ਕਿ ਪੇਂਡੂ ਲੋਕਾਂ ਵਿਚ ਅੱਤਵਾਦੀ ਤੱਤਾਂ ਵਿਰੁੱਧ ਭਾਰੀ ਗੁੱਸਾ ਤੇ ਰੋਹ ਹੈ। (ਬਾਕੀ ਸਫਾ 10 ਤੇ)


UJJAL DOSANJH LAWYER

ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ

- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ
- ਇੰਮੀਗਰੇਸ਼ਨ ਦੀਆਂ ਅਪੀਲਾਂ
- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ

ਹੋਰ ਜਾਣਕਾਰੀ ਲਈ ਫ਼ੋਨ ਕਰੋ :

#202—5887 VICTORIA DRIVE,
VANCOUVER, B.C. V5P 3W5

ਉਜੱਲ ਦੁਸਾਂਝ
PHONE 327-6381

# ਲੋਕਾਂ ਨੂੰ ਤਾਕਤ ਜਾਂ ਚੋਣ ਹਥਕੰਡਾ

ਈ. ਐਮ. ਐਸ. ਨੰਬੂਦਰੀਪਾਦ



ਮੈਂ ਨਹੀਂ ਜਾਣਦਾ ਕਿ ਇਹ ਸਿਰੇ ਦੀ ਅਗਿਆਨਤਾ ਸੀ ਜਾਂ ਹੈਂਕੜਦੀ ਸਿਖਰ ਜਦੋਂ ਪਰਧਾਨ ਮੰਤਰੀ ਨੇ 14 ਮਈ ਨੂੰ ਲੋਕ ਸਭਾ ਵਿਚ ਐਲਾਨ ਕੀਤਾ 'ਅਸੀਂ ਜਾਣਬੁੱਝ ਕੇ ਇਸ ਅਜਲਾਸ ਵਿਚ ਬਹਿਸ ਨਾ ਕਰਨ ਦਾ ਫੈਸਲਾ ਲਿਆ ਹੈ, ਕਿਉਂ ਕਿ ਅਸੀਂ ਸੋਚਿਆ ਸੀ ਇਸ ਵਿਚਕਾਰਲੇ ਸਮੇਂ ਦੌਰਾਨ ਅਸੀਂ ਅਪੋਜੀਸ਼ਨ ਲਈ ਬਹਿਸ ਲਈ ਲੋੜੀਂਦਾ ਸਮਾਂ ਮੁਹਈਆ ਕਰਾ ਸਕਦੇ ਹਾਂ, ਜੋ ਜਨਤਾ ਦੀ ਅਣਦੇਖੀ ਕਰਦੀ ਰਹੀ ਹੈ। ਇਸ ਲਈ ਅਸੀਂ ਸੋਚਿਆ ਕਿ ਇਸ ਉਪਰ ਅਗਲੇ ਅਜਲਾਸ ਵਿਚ ਬਹਿਸ ਕਰਵਾਈ ਜਾਵੇ।

ਸਾਰੇ ਜਾਣਦੇ ਹਨ ਕਿ ਵਿਰੋਧੀ ਪਾਰਟੀਆਂ, ਜਮਹੂਰੀ ਵਿਕੇਂਦਰੀਕਰਣ ਦੇ ਵਿਚਾਰ ਉਪਰ ਬਹਿਸ ਹੀ ਨਹੀਂ ਕਰਦੀਆਂ ਰਹੀਆਂ, ਸਗੋਂ ਉਹਨਾਂ ਨੂੰ ਅਮਲ ਵਿਚ ਵੀ ਲਿਆਉਂਦੀਆਂ ਰਹੀਆਂ ਹਨ। ਜਨਤਾ ਪਾਰਟੀ ਨੇ, ਜਦੋਂ ਢਾਈ ਸਾਲ ਲਈ ਕੇਂਦਰ ਵਿਚ ਉਸ ਦੀ ਸਰਕਾਰ ਸੀ, ਇਸ ਸੁਆਲ ਤੇ ਵਿਚਾਰ ਕਰਨ ਲਈ ਅਸ਼ੋਕ ਮਹਿਤਾ ਕਮੇਟੀ ਕਾਇਮ ਕੀਤੀ ਸੀ ਅਤੇ ਉਸ ਨੇ 1978 ਵਿਚ ਸਰਕਾਰ ਨੂੰ ਆਪਣੀ ਰਿਪੋਰਟ ਦਿਤੀ ਸੀ। ਰਾਜੀਵ ਗਾਂਧੀ ਨੇ, ਖਾਸ ਤੌਰ ਤੇ ਇਹ ਦਾਅਵਾ ਕੀਤਾ ਹੈ ਕਿ ਮੌਜੂਦਾ ਬਿਲ ਨੂੰ ਤਰਤੀਬ ਦੇਣ ਵਿਚ, ਉਹਨਾਂ ਨੇ ਅਸ਼ੋਕ ਮਹਿਤਾ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਅਧਾਰ ਬਣਾਇਆ ਹੈ। ਫਿਰ ਵੀ, ਕਿਉਂਕਿ ਉਹਨਾਂ ਨੇ ਉਪਰੋਕਤ ਬਿਲ ਦੇ ਮਸੌਦੇ ਉਪਰ ਦਸਤਖਤ ਕਰਨ ਵਾਲਿਆਂ ਵਿਚ ਹੋਣ ਕਾਰਨ ਮੇਰਾ ਨਾਂ ਵੀ ਲਿਆ ਹੈ, ਮੈਂ ਇਸ ਮਾਮਲੇ ਨਾਲ ਸਬੰਧਤ ਤਥ ਰਖਣਾ ਚਾਹੂੰਗਾ।

ਉਸ ਸਮੇਂ ਦੇ ਪਰਧਾਨ ਮੰਤਰੀ ਮੋਰਾਰਜੀ ਦੇਸਾਈ ਨੇ, ਅਸ਼ੋਕ ਮਹਿਤਾ ਕਮੇਟੀ ਕਾਇਮ ਕਰਨ ਦੇ ਸਿਲਸਲੇ ਵਿਚ ਵਿਰੋਧੀ ਆਗੂਆਂ ਨਾਲ ਗਲਬਾਤ ਕੀਤੀ ਸੀ, ਜਿਹਨਾਂ ਵਿਚ ਮੈਂ ਵੀ ਸ਼ਾਮਲ ਸੀ।

ਉਸ ਹੀ ਸਮੇਂ ਮੈਂ ਉਹਨਾਂ ਨੂੰ ਦਸ ਦਿਤਾ ਸੀ ਕਿ ਮੇਰੀ ਰਾਏ ਵਿਚ, ਸੂਬੇ ਦੇ ਪਰਸ਼ਾਸਨ ਦੀਆਂ ਹੇਠਲੀਆਂ ਪੱਧਰਾਂ ਵਲ ਨੂੰ ਵਿਕੇਂਦਰੀਕਰਣ, (ਜਿਸ ਉਪਰ ਵਿਚਾਰ ਦਾ ਕੰਮ ਕਮੇਟੀ ਨੂੰ ਸੌਂਪਿਆਂ ਜਾ ਰਿਹਾ ਸੀ) ਕੇਂਦਰ ਤੋਂ ਸੂਬਿਆਂ ਵਲ ਨੂੰ ਵਿਕੇਂਦਰੀਕਰਣ ਦੇ ਸੁਆਲ ਨਾਲ ਅਨਿਖੱੜਵੇਂ ਰੂਪ ਨਾਲ ਜੁੜਿਆ ਹੋਇਆ ਸੀ। ਕੇਂਦਰ ਤੋਂ ਪੰਚਾਇਤ ਤਕ, ਜਿਹਨਾਂ ਨੂੰ ਜਮਹੂਰੀਅਤ ਦੇ ਚਾਰ ਥੰਮ ਕਿਹਾ ਜਾਂਦਾ ਸੀ, ਹਰ ਪਧਰ ਤੇ ਜਮਹੂਰੀਅਤ ਤਦ ਹੀ ਕਾਇਮਹੋ ਸਕਦੀ ਹੈ, ਜਦੋਂ ਕੇਂਦਰ ਆਪਣੀਆਂ ਤਾਕਤਾਂ ਵਿਚੋਂ ਅਨੇਕ ਤਾਕਤਾਂ ਸੂਬਿਆਂ ਨੂੰ ਸੌਂਪੇ ਅਤੇ ਸੂਬਾ ਆਪਣੀਆਂ ਤਾਕਤਾਂ ਵਿਚੋਂ ਅਨੇਕ, ਪਰਸ਼ਾਸਨ ਦੇ ਹੇਠਲੇ ਪਧਰ ਨੂੰ ਸੌਂਪੇ। ਪਰ ਪਰਧਾਨ ਮੰਤਰੀ ਮੋਰਾਰਜੀ ਦਿਸਾਈ ਨੇ ਮੇਰਾ ਸੁਝਾਅ ਠੁਕਰਾ ਦਿਤਾ ਅਤੇ ਕਮੇਟੀ ਦੀਆਂ ਵਿਚਾਰ ਸ਼ਰਤਾਂ ਨੂੰ ਸੂਬਿਆਂ ਤੋਂ ਪੰਚਾਇਤਾਂ ਵਲ ਨੂੰ ਸਤਾ ਦੇ ਵਿਕੇਂਦਰੀਕਰਣ ਤਕ ਹੀ ਸੀਮਤ ਰਖਿਆ।

ਇਸ ਤਰਾਂ ਹਾਲਾਂ ਕਿ ਇਹ ਕਮੇਟੀ ਕੇਂਦਰ-ਰਾਜ ਸਬੰਧਾਂ ਉਪਰ ਵਿਚਾਰ ਕਰਨ ਲਈ ਅਜ਼ਾਦ ਨਹੀਂ ਸੀ ਫਿਰ ਵੀ ਉਸ ਨੇ ਇਸ ਉਪਰ ਗੌਰ ਕੀਤੀ, ਜਿਸਦਾ ਪੀਪਲਜ਼ ਡੇਮੋਕਰੇਸੀ ਵਿਚ ਛਪੇ ਆਪਣੇ ਲੇਖ ਵਿਚ ਜਿਕਰ ਕੀਤਾ ਸੀ) ਕਿ ਕੇਂਦਰ ਰਾਜ ਸਬੰਧਾਂ ਉਪਰ, 'ਅਲੱਗ ਤੋਂ ਪਰ ਵਿਸਥਾਰ, ਵਿਚਾਰ' ਦੀ ਜ਼ਰੂਰਤ ਹੈ। ਬਹਰਹਾਲ, ਮੋਰਾਰਜੀ ਸਰਕਾਰ ਨੂੰ ਅਸ਼ੋਕ ਮਹਿਤਾ ਕਮੇਟੀ ਰਿਪੋਰਟ ਉਪਰ ਅਮਲ ਦਾ ਮੌਕਾ ਨਹੀਂ ਮਿਲਿਆ। ਫਿਰ ਵੀ, ਜੇ ਉਸ ਨੂੰ ਇਹ ਮੌਕਾ ਮਿਲ ਵੀ ਗਿਆ ਹੁੰਦਾ, ਤਦ ਵੀ ਮੈਂ ਯਕੀਨ ਨਾਲ ਨਹੀਂ ਕਹਿ ਸਕਦਾ ਕਿ ਉਸਨੇ ਇਸ ਦੇ ਨਾਲ ਨਾਲ ਕੇਂਦਰ-ਰਾਜ ਸਬੰਧਾਂ ਦਾ ਮਸਲਾ ਵੀ ਹਥ ਵਿਚ ਲਿਆ ਹੁੰਦਾ, ਕਿਉਂਕਿ ਜਿਸ ਤਰਾਂ ਕਿ ਸਾਰੇ ਜਾਣਦੇ ਹਨ—ਇਸ ਮਾਮਲੇ ਵਿਚ ਮੋਰਾਰਜੀ ਦੇਸਾਈ ਅਤੇ ਇੰਦਰਾ ਗਾਂਧੀ ਦੇ ਵਿਚਾਰ ਇਕੋ ਜਹੇ ਸਨ।

ਫਿਰ ਵੀ ਇਹ ਗੌਰ ਕਰਨ ਵਾਲੀ ਗਲ ਹੈ ਕਿ ਅਸ਼ੋਕ ਮਹਿਤਾ ਕਮੇਟੀ ਵਲੋਂ ਆਪਣੀ ਰਿਪੋਰਟ ਦਿਤੇ ਜਾਣ ਦੇ ਪੰਜ ਸਾਲ ਮਗਰੋਂ ਦੋਬਾਰਾ ਬਣੀ ਇੰਦਰਾ ਸਰਕਾਰ ਨੂੰ (ਆਂਧਰਾਂ ਅਤੇ ਕਰਨਾਟਕ ਵਿਚ ਹੋਈ ਕਰਾਰੀ ਹਾਰ ਮਗਰੋਂ) ਸਰਕਾਰੀਆਂ ਕਮਿਸ਼ਨ ਨਿਯੁਕਤ ਕਰਨਾ ਪਿਆ ਸੀ, ਜਿਸ ਨੂੰ ਕੇਂਦਰ ਰਾਜ ਸਬੰਧਾਂ ਉਪਰ 'ਅਲਗ ਤੋਂ ਪਰ ਵਿਸਥਾਰ ਨਾਲ ਵਿਚਾਰ' ਕਰਨ ਦੀ ਜਿਮੇਂਦਾਰੀ ਸੌਂਪੀ ਗਈ ਸੀ ਜਿਸ ਦੀ ਸਿਫਾਰਸ਼ ਅਸੋਕ ਮਹਿਤਾ ਕਮੇਟੀ ਨੇ ਕੀਤੀ ਸੀ।

ਸਰਕਾਰੀਆ ਕਮਿਸ਼ਨ ਵਲੋਂ ਰਾਜੀਵ ਸਰਕਾਰ ਨੂੰ ਆਪਣੀ ਰਿਪੋਰਟ ਦਿਤੇ ਜਾਣ ਤੋਂ ਮਗਰੋਂ ਦੋ ਸਾਲ ਤੋਂ ਵਧ ਸਮਾਂ ਬੀਤ ਗਿਆ ਹੈ। ਸਰਕਾਰੀਆਂ ਕਮਿਸ਼ਨ ਨੇ ਕਿਹਾ ਸੀ :—

dhannu printing co. ltd.
ਧੰਨੂ ਪ੍ਰਿੰਟਿਂਗ ਕੰਪਨੀ ਲਿਮਿ:
ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿੰਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ
ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ
ਵਾਜਬ ਕੀਮਤਾਂ — ਵਧੀਆ ਕੁਆਲਿਟੀ
"FOR ALL YOUR PRINTING NEEDS"
Ph. Bus. 585-2004 Res. 585-7916
10281 - 133A St., SURREY, B.C. V3T 4A1

ਕਿਉਂਕਿ ਸਤਾ ਦੇ ਕੇਂਦਰੀਕਰਨ ਦੀ ਆਪ ਪਰਵਿਰਤੀ ਹੈ, ਭਾਰਤ ਵਰਗੇ ਦੇਸ਼ ਵਿਚ ਇਸ ਦੀ ਖਾਸ ਜ਼ਰੂਰਤ ਹੈ ਕਿ ਇਸ ਦਾ ਲਗਾਤਾਰ ਮੁਕਾਬਲਾ ਕਰਨ ਦੀ ਇਕ ਸੁਚੇਤ ਅਤੇ ਉਦੇਸ਼ ਪੂਰਨ ਕੋਸ਼ਿਸ਼ ਹੋਵੇ। ਇਸ ਕਹਾਵਤ ਵਿਚ ਕਾਫੀ ਸਚਾਈ ਹੈ ਕਿ ਗੈਰ ਜ਼ਰੂਰੀ ਕੇਂਦਰੀਕਰਨ ਨਾਲ, ਕੇਂਦਰ ਵਿਚ ਬਲੱਡ ਪਰੈਸ਼ਰ ਵਧਦਾ ਹੈ ਅਤੇ ਬਾਹਰੀ ਕਿਨਾਰੇ ਵਿਚ ਖੂਨ ਦੀ ਕਮੀ ਹੋ ਜਾਂਦੀ ਹੈ। ਇਸ ਦਾ ਸਿੱਟਾ ਅਸਮਰਥਾ ਅਤੇ ਨਕਾਰਾਪਨ ਹੈ।

ਅਸਲ ਵਿਚ ਕੇਂਦਰੀਕਰਨ ਜਨਤਾ ਦੀਆਂ ਸਮਸਿਆਵਾਂ ਹਲ ਨਹੀਂ ਕਰਦਾ, ਸਗੋਂ ਉਹਨਾਂ ਨੂੰ ਵਧਾਉਂਦਾ ਹੈ।'

ਇਸ ਤਰ੍ਹਾਂ, ਸਰਕਾਰੀਆ ਕਮਿਸ਼ਨ ਦੀ ਰਾਏ ਵਿਚ ਵੀ, ਸੂਬੇ ਤੋਂ ਪਰਸ਼ਾਸਨ ਦੇ ਹੇਠਲੇ ਪੱਧਰ ਵਲ ਨੂੰ ਵਿਕੇਂਦਰੀਕਰਣ, ਕੇਂਦਰ ਤੋਂ ਸੂਬਿਆਂ ਵਲ ਨੂੰ ਵਿਕੇਂਦਰੀਕਰਣ ਨਾਲ ਪੱਕੇ ਰੂਪ ਵਿਚ ਜੁੜਿਆ ਹੋਇਆ ਹੈ। ਅਸਲ ਵਿਚ ਸਰਕਾਰੀਆਂ ਕਮਿਸ਼ਨ ਨੇ ਤਾਂ ਇਹ ਸੁਝਾਅ ਵੀ ਦਿਤਾ ਸੀ ਕਿ ਸੰਵਿਧਾਨ ਦੀ ਧਾਰਾ 263 ਅਧੀਨ ਕਾਇਮ ਕੀਤੀ ਜਾਣਵਾਲੀ ਅੰਤਰਰਾਜ ਪਰੀਸ਼ਦ ਆਮ ਸਹਿਮਤੀ ਨਾਲ ਇਕ 'ਮਾਡਲ ਬਿਲ' ਤਿਆਰ ਕਰੇ, ਜਿਸਦੇ ਅਧਾਰ ਤੇ ਸੂਬੇ ਦੀ ਵਿਧਾਨ ਸਭਾ, ਪੰਚਾਇਤੀ ਰਾਜ ਅਦਾਰਿਆਂ ਲਈ ਲੋੜੀਂਦੀਆਂ ਤਾਕਤਾਂ ਟਰਾਂਸਫਰ ਕਰਨ ਲਈ ਬਿਲ ਪਾਸ ਕਰ ਸਕਣ, ਕਮਿਸ਼ਨ ਨੇ ਇਹ ਬਦਲਵਾਂ ਪ੍ਰਸਤਾਵ ਵੀ ਰਖਿਆ ਸੀ ਕਿ ਧਾਰਾ 252 (1) ਅਧੀਨ ਪਾਰਲੀਮੈਂਟ ਸਾਰੇ ਰਾਜਾਂ ਦੀਆਂ ਅਸੈਂਬਲੀਆਂ ਦੀ ਸਹਿਮਤੀ ਨਾਲ ਇਕ ਬਿਲ ਵੀ ਪਾਸ ਕਰ ਸਕਦੀ ਹੈ। ਇਹਨਾਂ ਦੋਹਾਂ ਹੀ ਬਦਲਾਂ ਦਾ ਸਹਾਰਾ ਲੈਣ ਵਿਚ ਅਸਫਲ ਰਹਿਣ ਦੀ ਹਾਲਤ ਵਿਚ ਕਮਿਸ਼ਨ ਨੇ ਤੀਜੇ ਬਦਲ, ਯਾਨੀ ਧਾਰਾ 368 ਅਧੀਨ ਸੰਵਿਧਾਨ ਵਿਚ ਸੋਧ ਕਰਨ ਦੀ ਗਲ ਕਹੀ ਸੀ।

ਇਸ ਤਰਾਂ ਇਹ ਸਪਸ਼ਟ ਹੈ ਕਿ ਜੇ ਸਰਕਾਰੀਆ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਸਵੀਕਾਰ ਕਰ ਲਿਆ ਗਿਆ ਹੁੰਦਾ ਤਾਂ ਰਾਜਾਂ ਦੇ ਅਧਿਕਾਰਾਂ ਉਪਰ ਉਸ ਤਰਾਂ ਦਾ ਹਮਲਾ ਨਹੀਂ ਸੀ ਹੋਣਾ ਜਿਸ ਤਰਾਂ ਦਾ ਕਿ ਮੌਜੂਦਾ ਬਿਲ ਨਾਲ ਹੋਇਆ ਹੈ। ਪੰਚਾਇਤੀ ਰਾਜ ਅਦਾਰਿਆਂ ਦੀਆਂ ਨੀਯਮਤ ਚੋਣਾ ਯਕੀਨੀ ਬਨਾਉਣ ਲਈ, ਸੂਬਿਆਂ ਤੋਂ ਪਰਸ਼ਾਸਨ ਦੇ ਹੇਠਲੇ ਪਧਰ ਵਲ ਨੂੰ ਸਤਾ ਦੀ ਤਬਦੀਲੀ ਕਰਨ ਆਦਿ ਲਈ ਜਿਹਨਾਂ ਵੀ ਵਿਵਸਥਾਵਾਂ ਦੀ ਜ਼ਰੂਰਤ ਸੀ, ਉਹ ਸੰਵਿਧਾਨ ਦੀ ਰਾਜ ਸੂਚੀ ਕਿਸੇ ਵੀ ਵਿਸ਼ੇ ਨੂੰ ਹਟਾਏ ਬਿਨਾਂ ਵੀ ਪਰਾਪਤ ਕੀਤੇ ਜਾ ਸਕਦੇ ਸਨ। ਪੰਚਾਇਤੀ ਰਾਜ ਅਦਾਰਿਆਂ ਦਾ ਢੰਗ ਨਾਲ ਚਲਣਾ ਯਕੀਨੀ ਬਨਾਉਣ ਲਈ ਐਲਾਨੇ ਉਦੇਸ਼ ਨੂੰ ਸੂਬਿਆਂ ਦੀ ਸਹਿਮਤੀ ਨਾਲ ਹਾਸਲ ਕੀਤਾ ਜਾ ਸਕਦਾ ਸੀ, ਨਾ ਕਿ ਉਹਨਾਂ ਦੇ ਅਧਿਕਾਰਾਂ ਉਪਰ ਹਮਲਾ ਕਰਕੇ।

ਬਹਰਹਾਲ, ਇਸ ਸਿਲਸਲੇ ਵਿਚ ਅਸ਼ੋਕ ਮਹਿਤਾ ਕਮੇਟੀ ਦੇ ਇਕ ਮੈਂਬਰ ਦੇ ਨਾਤੇ ਮੈਂ ਇਕ ਗਲ ਸਵੀਕਾਰ ਕਰਨਾ ਚਾਹੁੰਦਾ ਹਾਂ ਕਿ ਜੇ ਉਸ ਸਮੇਂ ਸਾਨੂੰ ਇਸ ਸੰਵਿਧਾਨਿਕ ਸੰਭਾਵਨਾ ਦਾ ਪਤਾ ਰਿਹਾ ਹੁੰਦਾ ਤਾਂ ਅਸੀਂ ਸੰਵਿਧਾਨ ਵਿਚ ਸੋਧ ਦਾ ਸੁਝਾਅ ਹੀ ਨਾ ਦਿਤਾ ਹੁੰਦਾ। ਇਸ ਲਈ, ਬਿਲ ਦੇ ਮਸੌਦੇ ਵਿਚ ਰਾਜਪਾਲ ਜਾਂ ਚੋਣ ਕਮਿਸ਼ਨ ਜਾਂ ਕੰਪਟਰੋਲਰ ਅਤੇ ਐਡੀਟਰ ਜਨਰਲ ਸੰਵਿਧਾਨ ਵਿਚ ਦਰਜ ਤਿੰਨ ਪੜਾਵੀ ਅਥਾਰਿਟੀਜ—ਵਿਚੋਂ ਕਿਸੇ ਨੂੰ ਵੀ ਕੋਈ ਭੂਮਿਕਾਂ ਦਿਤੇ ਜਾਣ ਦਾ ਸੁਅ ਲ ਹੀ ਨਹੀਂ ਪੈਦਾ ਹੁੰਦਾ। ਇਸ ਲਈ ਮੈਨੂੰ, ਉਪਰੋਕਤ ਬਿਲ ਨੂੰ ਸੰਵਿਧਾਨ ਵਿਚ ਸੋਧ ਕਰਨ ਦੇ ਰੂਪ ਵਿਚ ਪੇਸ਼ ਕੀਤੇ ਜਾਣ ਵਿਚ ਆਪਣੀ ਗਲਤੀ ਸਵੀਕਾਰ ਕਰਨ ਵਿਚ ਕੋਈ ਪਰੇਸ਼ਾਨੀ ਨਹੀਂ ਹੈ। ਇਸ ਤਰਾਂ, ਅਸੀਂ ਜੋ ਮਸੌਦਾ ਪੇਸ਼ ਕੀਤਾ ਸੀ ਬੇਮਾਇਨਾ ਹੋ ਜਾਂਦਾ ਹੈ।

ਹੁਣ ਇਹ ਰਾਜੀਵ ਗਾਂਧੀ ਦੇ ਸਾਹਮਣੇ ਹੈ ਕਿ ਕੀ ਉਹ 15 ਮਈ ਨੂੰ ਪੇਸ਼ ਕੀਤਾ ਗਿਆ ਆਪਣਾ ਬਿਲ ਵਾਪਸ ਲੈਣਗੇ ਅਤੇ ਉਸਦੀ ਥਾਂ, ਸੰਵਿਧਾਨ ਸੋਧ ਦੀ ਥਾਂ ਇਕ ਸਮਾਨ ਬਿਲ ਪੇਸ਼ ਕਰਨ ਦੀ ਅਤੇ ਉਹ ਵੀ ਸੂਬਿਆਂ ਦੀ ਸਹਿਮਤੀ ਨਾਲ ਸਰਕਾਰੀਆ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਕਦਮ ਚੁਕਣਗੇ? ਜੇ ਰਾਜੀਵ ਗਾਂਧੀ ਦੀ ਚਿੰਤਾ ਸੱਚੀ ਹੀ ਪੰਚਾਇਤੀ ਰਾਜ ਅਦਾਰਿਆਂ ਲਈ ਤਾਕਤਾਂ ਦੀ ਸਮੁਚਿਤ ਤਬਦੀਲੀ ਕਰਨਾ ਯਕੀਨੀ ਬਣੌਣ ਅਤੇ ਉਹਨਾਂ ਦੀਆਂ ਨੀਯਤ ਸਮੇਂ ਚੋਣਾਂ ਕਰੌਣਾਂ ਹੀ ਹੈ, ਜਿਸ ਤਰਾਂ ਕਿ ਉਹਨਾਂ ਦਾ ਦਾਅਵਾ ਹੈ, ਤਾਂ ਉਹਨਾਂ ਨੂੰ ਠੀਕ ਇਹ ਹੀ ਕਰਨਾ ਚਾਹੀਦਾ ਹੈ।

ਇਸ ਲਈ ਇਹ ਹੈਰਾਨੀ ਜਨਕ ਹੈ ਕਿ ਪ੍ਰਧਾਨ ਮੰਤਰੀ ਨੇ ਤੇਲਗੂ ਦੇਸ਼ਮ ਐਮ. ਪੀ. ਮਾਧਵ ਰੈਡੀ ਦੀ ਗਲ ਇਹ ਕਹਿੰਦੇ ਹੋਏ ਟੋਕੀ, ਕਿ 'ਮੈਂ ਮਾਣਯੋਗ ਮੈਂਬਰ ਤੋਂ ਪੁਛਣਾ ਚਾਹੂੰਗਾ ਕਿ ਕਿਸ ਤਰਾਂ ਉਹ ਇਸ ਬਿਲ ਦੇ ਲਾਗੂ ਹੋਏ ਬਿਨਾਂ ਇਹ ਵਿਵਸਥਾ ਪਾਸ ਕਰਾ ਸਕਦੇ ਹਨ?' ਕੀ ਰਾਜੀਵ ਗਾਂਧੀ ਨੂੰ ਸਰਕਾਰੀਆ ਕਮਿਸ਼ਨ ਵਲੋਂ ਸੁਝਾਏ ਗਏ ਦੋ ਪਹਿਲੇ ਬਦਲਾਂ ਦਾ ਸੱਚੀ ਪਤਾ ਨਹੀਂ ਹੈ? ਉਹਨਾਂ ਨੂੰ ਰਾਜ ਸਰਕਾਰਾਂ ਜਾਂ ਰਾਜ ਵਿਧਾਨ ਸਭਾਵਾਂ ਦੀ ਸਹਿਮਤੀ ਨਾਲ ਬਿਲ ਪਾਸ ਕਰਨ ਦੇ ਬਦਲ ਦੀ ਵਰਤੋਂ ਕਰਨ ਵਿਚ ਕੀ ਸ਼ਕਾਇਤ ਹੈ?

ਪਰ ਰਾਜੀਵ ਗਾਂਧੀ ਦੀ ਸਰਕਾਰ ਦਾ ਦਿਮਾਗ ਕਿਸ ਦਸ਼ਾ ਵਿਚ ਕੰਮ ਕਰ ਰਿਹਾ ਹੈ, ਇਹ ਮਨੁੱਖੀ ਸਾਧਨਾ ਦੇ ਵਿਕਾਸ ਬਾਰੇ ਮੰਤਰੀ ਸ਼ਿਵ ਸ਼ੰਕਰ ਦੀ ਗਲ ਤੋਂ ਜ਼ਾਹਰ ਹੋ ਗਿਆ, ਜੋ ਵਿਦਵਾਨ ਦੇ ਰੂਪ ਵਿਚ ਆਪਣੀ ਵਿਸ਼ੇਸ਼ਤਾ ਦੇ ਬਾਵਜੂਦ ਅਪੋਜ਼ੀਸ਼ਨ ਦੇ ਇਸ ਤਰਕ ਨੂੰ ਕੱਟ ਨਹੀਂ ਪਾਇਆ ਕਿ ਕੇਸ਼ਵਨੰਦ ਭਾਰਤੀ ਮੁਕੱਦਮੇ ਵਿਚ ਸੁਪਰੀਮ ਕੋਰਟ ਦੇ ਫੈਸਲੇ ਦੀ ਲੋਅ ਵਿਚ ਮੌਜੂਦਾ ਬਿਲ ਅਸੰਵਿਧਾਨਿਕ ਕਰਾਰ ਦੇ ਦਿਤਾ ਜਾਵੇਗਾ। ਫਿਰ, ਉਹਨਾਂ ਤੋਂ ਜਦੋਂ ਇਹ ਪੁਛਿਆ ਗਿਆ ਕਿ ਜੇ ਕਿਸੀ ਇਕ ਜਾਂ ਕਈ ਸੂਬਿਆਂ ਨੇ ਪਾਰਲੀਮੈਂਟ ਵਲੋਂ ਇਹ ਕਾਨੂੰਨ ਬਣਾਏ ਜਾਣ ਦੇ ਮਗਰੋਂ ਵੀ ਆਪਣੇ ਉਥੇ ਇਹ ਬਿਲ ਪਾਸ ਨਾ ਕੀਤਾ ਤਾਂ ਕੇਂਦਰ ਸਰਕਾਰ ਕੀ ਕਰੇਗੀ? ਸ਼ਿਵਸ਼ੰਕਰ ਦਾ ਸਿੱਧਾ ਉਤਰ ਸੀ ਕਿ ਸੰਵਿਧਾਨ ਦੀ ਧਾਰਾ 356 ਅਧੀਨ ਅਜੇਹੀਆਂ ਸੂਬਾ ਸਰਕਾਰਾਂ ਨੂੰ ਬਰਤਰਫ ਕਰ ਦਿਤਾ ਜਾਵੇਗਾ, ਇਸ ਧਮਕੀ ਦਾ ਮਤਲਬ ਕੀ ਹੈ?

ਪੰਚਾਇਤ ਰਾਜ ਨਾਲ ਜੁੜਿਆ ਹੋਇਆ ਇਕ ਹੋਰ ਮਹੱਤਵਪੂਰਣ ਸੁਆਲ ਇਸਦੇ ਢਾਂਚੇ ਦੇ 2 ਜਾਂ 3 ਪੜਾਈ ਹੋਣ ਦਾ ਹੈ, ਯਾਨੀ ਇਹ ਕਿ ਪੰਚਾਇਤਾਂ ਅਤੇ ਜਿਲਾ ਪਰੀਸ਼ਦ ਵਿਚ, ਵਿਚਦਾ ਇਕ ਦਰਜਾ ਹੋਰ ਹੋਵੇ ਜਾਂ ਨਾ ਹੋਵੇ? ਅਸ਼ੋਕ ਮਹਿਤਾ ਕਮੇਟੀ ਨੇ ਇਸ ਮਾਮਲੇ ਦਾ ਫੈਸਲਾ ਪੂਰੀ ਤਰਾਂ ਨਾਲ ਸੂਬਿਆਂ ਉਪਰ ਛਡਿਆ ਸੀ। ਪਰ ਰਾਜੀਵ ਗਾਂਧੀ ਦੇ ਬਿਲ ਅਧੀਨ ਕੁਝ ਅਮਵਾਦਾਂ ਨੂੰ ਛਡ ਕੇ, ਸਭ ਸੂਬਿਆਂ ਲਈ ਇਹ ਜ਼ਰੂਰੀ ਕਰ ਦਿਤਾ ਗਿਆ ਹੈ ਕਿ ਉਥੇ ਇਕੋ ਜਹੀ ਤਿੰਨ ਪੜਾਵੀ ਪਰਨਾਲੀ ਹੋਵੇ। ਸ਼ਿਵਸ਼ੰਕਰ ਦੀ ਧਮਕੀ ਦਾ ਮਤਲਬ ਇਹ ਵੀ ਹੈ ਕਿ ਸੰਵਿਧਧਾਨ ਦੀ ਧਾਰਾ 356 ਅਧੀਨ ਅਜੇਹੇ ਰਾਜਾਂ ਵਿਰੁਧ ਵੀ ਕਾਰਵਾਈ ਕੀਤੀ ਜਾਵੇਗੀ, ਜੋ ਮੌਜੂਦਾ ਬਿਲ ਦੀ ਇਹ ਸ਼ਰਤ ਪੂਰੀ ਨਹੀਂ ਕਰਨਗੇ ਅਤੇ 2 ਪੜਾਵੀ ਪਰਨਾਲੀ ਹੀ ਜਾਰੀ ਰਖਣਗੇ।

## ਨੀਤ ਕੀ ਹੈ?

ਇਹ ਕੋਈ ਕਾਲਪਨਿਕ ਪ੍ਰਸ਼ਨ ਨਹੀਂ ਹੈ, ਸਗੋਂ ਇਕ ਵਾਸਤਵਿਕ ਮੁੱਦਾ ਹੈ। ਇਕ ਰਾਜ (ਕੇਰਲ) ਵਿਚ ਉਥੋਂ ਦੀ ਅਸੰਬਲੀ ਨੇ ਸਰਵ ਸੰਮਤੀ ਨਾਲ (ਜਿਸ ਵਿਚ ਕਰੁਣਾਕਰਨ ਦੀ ਅਗਵਾਈ ਹੇਠ ਕਾਂਗਰਸ (ਇ) ਵੀ ਸ਼ਾਮਲ ਸੀ) 2 ਪੜਾਈ ਪਰਨਾਲੀ ਅਪਨਾਈ ਸੀ। ਇਸ ਲਈ ਰਾਜ ਦੀ ਜਨਤਾ ਨੂੰ, ਅਸੰਬਲੀ ਨੂੰ ਅਤੇ ਰਾਜ ਸਰਕਾਰ ਨੂੰ ਇਸਦਾ ਕੋਈ ਕਾਰਨ ਦਿਖਾਈ ਨਹੀਂ ਦਿੰਦਾ ਕਿ ਉਹ 2 ਪੜਾਵੀ ਪਰਨਾਲੀ ਨੂੰ ਛਡ ਕੇ, 3 ਪੜਾਵੀ ਪ੍ਰਨਾਲੀ ਅਪਨਾਵੇ। ਪਰ ਜੇ ਸ਼ਿਵਸ਼ੰਕਰ ਦੀ ਧਮਕੀ ਨੂੰ ਧਿਆਨ ਵਿਚ ਰਖੀਏ, ਤਾਂ ਕੇਰਲ ਨੂੰ ਜਾਂ ਤਾਂ ਆਪਣੀ ਸਰਵ ਸੰਮਤ ਰਾਏ ਨੂੰ ਛਡ ਕੇ 3 ਪੜਾਈ ਪਰਨਾਲੀ ਅਪਨਾਉਣੀ ਹੋਵੇਗੀ। ਜਾਂ ਫਿਰ ਧਾਰਾ 356 ਅਧੀਨ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਪਰ ਮੰਨ ਲਓ ਕਿ ਕੇਰਲ ਦੇ ਖਿਲਾਫ ਧਾਰਾ 356 ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਉਥੇ ਦੋਬਾਰਾ ਚੋਣਾਂ ਕਰੌਣ ਦਾ ਐਲਾਨ ਕਰ ਦਿਤਾ ਜਾਂਦਾ ਹੈ ਅਤੇ ਇਸ ਚੋਣ ਮਗਰੋਂ, ਜਿਸ ਵਿਚ ਇਕ ਮਹੱਤਵ ਪੂਰਨ ਮੁੱਦੇ ਦੇ ਰੂਪ ਵਿਚ ਇਹ ਸੁਆਲ ਉਠੇਗਾ ਹੀ, ਸੂਬੇ ਦੀ ਜਨਤਾ

ਇਕ ਬਾਰ ਫਿਰ ਦੋ ਪੜਾਵੀਂ ਪਰਨਾਲੀ ਦੇ ਹਕ ਵਿਚ ਆਪਣਾ ਫੈਸਲਾ ਸੁਣਾ ਦਿੰਦੀ ਹੈ, ਤਾਂ ਫਿਰ ਕੀ ਹੋਵੇਗਾ ?

ਸੀ. ਪੀ. ਆਈ. (ਐਮ), ਐਮ. ਪੀ. ਸੋਮਨਾਥ ਚੈਟਰਜੀ ਦਾ ਲੋਕ ਸਭਾ 'ਚ ਦਿਤਾ ਗਿਆ ਭਾਸ਼ਣ ਅਤੇ ਹੋਰ ਵਿਰੋਧੀ ਧਿਰ ਦੇ ਐਮ. ਪੀਜ਼ ਦੇ ਭਾਸ਼ਣਾਂ ਤੋਂ ਇਹ ਬਿਲਕੁਲ ਸਪਸ਼ਟ ਹੋ ਗਿਆ ਹੈ ਕਿ ਇਸ ਬਿਲ ਦੀ ਸੰਵਿਧਾਨਿਕ ਯੋਗਤਾ ਨੂੰ ਚਨੌਤੀ ਦਿਤੀ ਜਾ ਰਹੀ ਹੈ ਅਤੇ ਕਾਨੂੰਨ ਬਣ ਜਾਣ ਮਗਰੋਂ ਇਸਨੂੰ ਸੁਪਰੀਮ ਕੋਰਟ ਵਿਚ ਚਨੌਤੀ ਦਿਤੀ ਜਾ ਸਕਦੀ ਹੈ । ਇਸ ਸਭ ਦਾ ਨਤੀਜਾ ਇਹ ਹੋਵੇਗਾ ਕਿ ਸਭ ਤੋਂ ਹੇਠਲੇ ਪੱਧਰ ਤੇ ਜਮਹੂਰੀਅਤ ਲਿਆਉਣ ਦਾ ਐਲਾਨਿਆਂ ਉਦੇਸ਼ ਜਲਦੀ ਪੂਰਾ ਹੋਣ ਦੀ ਥਾਂ, ਮਾਮਲਾ ਲੰਬੀ ਕਾਨੂੰਨੀ ਲੜਾਈ ਵਿਚ ਉਲਝ ਜਾਵੇਗਾ । ਫਿਰ ਇਹ ਗੈਰ-ਜਰੂਰੀ ਜੋਖਮ ਕਿਉਂ ਮੁੱਲ ਲਿਆ ਜਾਵੇ ? ਕਿਉਂ ਨਾ ਇਸ ਦੀ ਥਾਂ ਸਰਕਾਰੀਆਂ ਕਮਿਸ਼ਨ ਵਲੋਂ ਸੁਝਾਏ ਗਏ ਪਹਿਲੇ ਦੋ ਮੁਤਬਾਦਲਾਂ ਵਿਚੋਂ ਕਿਸੇ ਇਕ ਨੂੰ ਚੁਣਿਆ ਜਾਵੇ, ਜਿਹਨਾਂ ਵਿਚ ਰਾਜਾਂ ਦੀ ਸਹਿਮਤੀ ਨਾਲ ਬਿਲ ਪਾਸ ਕਰਾਉਣ ਦੀ ਗਲ ਕੀਤੀ ਗਈ ਹੈ ?

ਪਰ ਜੇ ਸਰਕਾਰ ਦੀ ਦਿਲਚਸਪੀ ਅਸਲ ਵਿਚ ਜਮਹੂਰੀ ਵਿਕੇਂਦਰੀਕਰਨ ਦੀ ਥਾਂ, ਇਸ ਨੂੰ ਅਗਲੀਆਂ ਲੋਕ ਸਭਾ ਚੋਣਾਂ ਲਈ ਪਰਚਾਰ ਦਾ ਮੁੱਦਾ ਬਨਾਉਣ ਦੀ ਹੀ ਹੈ, ਤਾਂ ਗਲ ਹੀ ਦੂਸਰੀ ਹੈ ।

(ਅੰਨੁ: ਐਸ. ਮਲੂਕ)

# ਸ਼ਬਾਨਾ ਆਜ਼ਮੀ ਨਾਲ ਆਹਮੋ ਸਾਹਮਣੇ



ਉੱਘੇ ਨਾਟਕਕਾਰ ਅਤੇ ਕਲਾਕਾਰ ਸਫਦਰ ਹਾਸ਼ਮੀ ਦੇ ਵਹਿਸੀ ਕਤਲ ਵਿਰੁੱਧ ਲੇਖਕਾਂ ਅਤੇ ਬੁਧੀਜੀਵੀਆਂ ਦੇ ਦਿੱਲੀ ਵਿਚ ਰੋਸ ਮਾਰਚ ਵਿਚ ਸ਼ਾਮਲ ਉੱਘੀ ਫਿਲਮ ਅਭਨੇਤਰੀ ਸ਼ਬਾਨਾ ਆਜ਼ਮੀਂ ਵਖਾਈ ਦੇ ਰਹੀ ਹੈ ।

ਸ਼ਬਾਨਾ ਆਜ਼ਮੀ ਭਾਵੇਂ ਥੋੜੀਆਂ ਫਿਲਮਾਂ ਵਿਚ ਕੰਮ ਕਰੇ ਤੇ ਭਾਵੇਂ ਬਹੁ-ਤੀਆਂ 'ਚ, ਪਰ ਉਸਦੀ ਇਹ ਖਾਸੀਅਤ ਹੈ ਕਿ ਉਹ ਹਮੇਸ਼ਾਂ ਸੁਰਖੀਆਂ ਵਿਚ ਹੀ ਰਹੀ ਹੈ। ਵਪਾਰਕ ਤੇ ਕਲਾ ਫਿਲਮ ਵਿਚ ਉਹ ਆਪਣਾ ਲੋਹਾ ਬਹੁਤ ਸਮਾਂ ਪਹਿਲਾਂ ਹੀ ਮੰਨਵਾ ਚੁਕੀ ਹੈ । ਹਾਂ ਸਮਿਤਾ ਪਾਟਿਲ ਦੇ ਉਸ ਦੇ ਮੁਕਾਬਲੇ ਵਿਚ ਆਉਣ ਨਾਲ ਦਰਸ਼ਕਾਂ ਨੂੰ ਜਾਪਣ ਲੱਗਾ ਸੀ ਕਿ ਸ਼ਾਇਦ ਸਮਿਤਾ ਅਦਾਕਾਰੀ 'ਚ ਸ਼ਬਾਨਾ ਤੋਂ ਅਗੇ ਨਿਕਲ ਜਾਏ, ਪਰ

> ਨੌਜਵਾਨਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ ।

ਉਹ ਮੌਤ ਦੇ ਸਾਏ ਤੋਂ ਨਾ ਬਚ ਸਕੀ । ਹੁਣ ਸ਼ਬਾਨਾ ਫਿਲਮੀ ਸਕਰੀਨ ਤੇ ਭਾਵੇਂ, ਪਿਛਲੇ ਕਾਫੀ ਸਮੇਂ ਤੋਂ ਦੂਰ ਰਹੀ ਹੈ, ਪਰ ਉਸ ਨੇ ਦਿੱਲੀ ਫਿਲਮ ਮੇਲੇ ਵਿਚ ਸਫਦਰ ਹਾਸ਼ਮੀ ਕਤਲ ਕਾਂਡ ਬਾਰੇ ਸਰ-ਕਾਰੀ ਤੇ ਸੱਤਾਧਾਰੀ ਪਾਰਟੀ ਦੀ ਭੂਮਿਕਾ 'ਤੇ ਇਕ ਪ੍ਰਸ਼ਨ ਚਿੰਨ੍ਹ ਲਾ ਦਿਤਾ ਸੀ। ਜਿਸ ਕਾਰਨ ਕੌਮੀ ਤੇ ਕੌਮਾਂਤਰੀ ਪੱਧਰ ਤੇ ਉਸ ਦੀਆਂ ਤਰੀਫਾਂ ਹੋਈਆਂ । ਅਜੇ ਇਸ ਗਲ ਨੂੰ ਹੋਇਆ ਥੋੜਾ ਸਮਾਂ ਹੀ ਹੋਇਆ


**FLAG**

**CHEVROLET OLDSMOBILE LTD.**

**15250 - 104th. AVENUE, SURREY, B.C.**
**CANADA V3R 6N8**

ਨਵੀਂ ਕਾਰ ਲੈਣ ਦੀ ਸੋਚ ਰਹੇ ਹੋ, ਤਾਂ ਹੋਰ ਬਹੁਤ ਦੇਰ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ । ਆਪਣੇ ਇਲਾਕੇ ਵਿਚੋਂ ਸਭ ਤੋਂ ਸਸਤੀ ਕੀਮਤ ਅਤੇ ਹੋਰ

**ਸੇਲਜ਼ ਮੈਨੇਜਰ ਸੁੱਖੀ ਬਾਠ**

**TEL. (604)584-7411**

**OR 645-3597 (Pager)**

ਹਰ ਪ੍ਰਕਾਰ ਦੀਆਂ ਪੁਰਾਣੀਆਂ ਕਾਰਾਂ ਬੇਸ਼ੁਮਾਰ ਗਿਣਤੀ ਵਿਚ ਪੁੱਜ ਗਈਆਂ ਹਨ ।
ਤੁਹਾਡੀ ਪਸੰਦ ਦੀ ਵਧੀਆ ਕਾਰ ਤੁਹਾਡੇ ਮਨ ਦੀ ਕੀਮਤ ਅਨੁਸਾਰ ਵੀ ਮਿਲ ਸਕਦੀ ਹੈ । ਮੌਕੇ ਤੋਂ ਲਾਭ ਉਠਾਓ । ਅਸੀਂ ਸੇਵਾ ਲਈ ਹਾਜ਼ਰ ਹਾਂ ।



**TOP SALESMAN AWARD WINNER 1987**

ਸੀ ਕਿ ਉਸਨੇ ਦਿੱਲੀ ਦੇ ਲਾਲ ਕਿਲੇ ਤੋਂ ਮੇਰਠ ਤਕ ਫਿਰਕੂ ਏਕਤਾ ਤੇ ਸਦਭਾਵਨਾ ਯਾਤਰਾ ਆਰੰਭ ਕਰ ਦਿਤੀ। ਸਾਰੇ ਰਸਤੇ ਵਿਚ ਉਸਦੇ ਚਹੇਤਿਆਂ ਨੇ ਉਸਨੂੰ ਭਰਪੂਰ ਪਿਆਰ ਤੇ ਸਤਿਕਾਰ ਦਿਤਾ। ਇਸ ਤਰਾਂ ਦੀਆਂ ਕਾਰਵਾਈਆਂ ਉਸਨੇ 1984 ਵਿਚ ਸ਼ੁਰੂ ਕੀਤੀਆਂ ਸਨ। ਉਦੋਂ ਉਹ ਸ਼ੋਸ਼ਤ, ਦੁਖੀ ਤੇ ਬੇਸਹਾਰਾ ਲੋਕਾਂ ਦੀ ਮਦਦ ਲਈ ਮੈਦਾਨ ਵਿਚ ਨਿੱਤਰੀ ਸੀ। ਸ਼ਾਇਦ ਉਸ 'ਤੇ ਇਹ ਅਸਰ ਉਸਦੇ ਕਈ ਕਲਾਤਮਕ ਫਿਲਮਾਂ ਵਿਚ ਅਜਿਹੇ ਪਾਤਰਾਂ ਦੇ ਕਿਰਦਾਰ ਨਿਭਾਉਣ ਕਰਕੇ ਪਿਆ ਹੋਵੇ ਕਿਉਂਕਿ ਉਸ ਨੇ ਪਿੰਡ ਦੇ ਹਰੀਜਨ ਦੀ ਪਤਨੀ, ਵੇਸਵਾ, ਵਿਧਵਾ ਤੇ ਲਤਾੜੀ ਹੋਈ ਤੇ ਅਨਪੜ੍ਹ ਔਰਤ ਦੀਆਂ ਭੂਮਿਕਾਵਾਂ ਨਿਭਾਈਆਂ ਹਨ। ਦੂਸਰੀ ਗੱਲ ਇਹ ਵੀ ਹੈ ਕਿ ਸ਼ਬਾਨਾ ਦਾ ਪਿਤਾ ਕੈਫੀ ਆਜ਼ਮੀ ਕਿਸਾਨ ਘਰਾਣੇ 'ਚੋਂ ਹੈ ਤੇ ਕਮਿਊਨਿਸਟ ਅੰਦੋਲਨ ਨਾਲ ਜੁੜਿਆ ਹੋਇਆ ਵੀ।

ਪਿਛਲੇ ਦਿਨੀਂ ਸ਼ਬਾਨਾ ਦੀ ਜਲੰਧਰ ਫੇਰੀ ਸਮੇਂ ਉਸ ਵਲੋਂ ਪ੍ਰਗਟਾਏ ਵਿਚਾਰਾਂ ਨੂੰ ਵੀ ਅਖਬਾਰਾਂ ਨੇ ਨੁਮਾਇਆ ਕਰਕੇ ਛਾਪਿਆ ਹੈ। ਹੁਣ ਉਸ ਚਾਲੂ ਮਹੀਨੇ ਵਿਚ ਜਾਂ ਜੂਨ ਵਿਚ ਪੰਜਾਬ ਤੱਕ ਦੀ ਪੱਦ ਯਾਤਰਾ ਸ਼ੁਰੂ ਕਰਨ ਦਾ ਮਨ ਬਣਾਇਆ ਹੋਇਆ ਹੈ। ਪਿਛਲੇ ਦਿਨੀ ਸ਼ਬਾਨਾ ਨਾਲ ਹੋਈ ਓਮਕਾਰ ਚੌਧਰੀ ਦੀ ਗਲ-ਬਾਤ ਦੇ ਕੁਝ ਹਿਸੇ ਪ੍ਰਕਾਸ਼ਤ ਕਰ ਰਹੇ ਹਾਂ।

?—ਦਿੱਲੀ ਤੋਂ ਮੇਰਠ ਦੀ ਪਦ-ਯਾਤਰਾ ਦਾ ਅਨੁਭਵ ਕਿਹੋ ਜਿਹਾ ਰਿਹਾ ?

—ਬੜਾ ਚੰਗਾ ਲੱਗਾ। ਲੋਕਾਂ ਦਾ ਬੇਹਦ ਪਿਆਰ ਮਿਲਿਆ। ਇਕ ਚੰਗਾ ਮਾਹੌਲ ਬਣਦਾ ਦਿਖਾਈ ਦਿਤਾ। ਜਿੰਨਾ ਮੈਂ ਸੋਚਿਆ ਸੀ ਉਸ ਤੋਂ ਕਿਤੇ ਵੱਧ ਆਦਰ ਮਿਲਿਆ ਤੇ ਲੋਕਾਂ ਨੇ ਮੈਨੂੰ

> **ਸਰਕਾਰ ਉਦੇਸ਼ਪੂਰਨ ਫਿਲਮਾਂ ਦੇ ਉਤਸ਼ਾਹ ਲਈ ਕੋਈ ਪ੍ਰਬੰਧ ਨਹੀਂ ਕਰਦੀ।**

ਭਰੋਸਾ ਦਿਵਾਇਆ ਕਿ ਅਸੀਂ ਕਦੇ ਵੀ ਆਪਸ ਵਿਚ ਨਹੀਂ ਲੜਾਂਗੇ।

?—ਕੀ ਤੁਸੀਂ ਇਹ ਨਹੀਂ ਮੰਨਦੇ ਕਿ ਅਜਿਹੀਆਂ ਪਦਯਾਤਰਾਵਾਂ ਦੀ ਸਭ ਤੋਂ ਵਧ ਲੋੜ ਪੰਜਾਬ ਵਿਚ ਹੈ ?

—ਬਿਲਕੁਲ ਠੀਕ ਕਹਿ ਰਹੇ ਹੋ ਤੁਸੀਂ। ਇਸੇ ਲਈ ਅਸੀਂ ਇਸ ਪਦ-ਯਾਤਰਾ ਵਿਚ ਪੰਜਾਬ ਦਾ ਮਸਲਾ ਵੀ ਇਕ ਮੁਦੇ ਦੇ ਰੂਪ ਵਿਚ ਰਖਿਆ ਹੈ। ਮੇਰਠ ਵਿਚ ਸਭਾ ਵਿਚ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਜੀ ਆਏ ਸਨ ਅਤੇ ਉਹਨਾਂ ਨੇ ਪੰਜਾਬ ਤਕ ਪਦਯਾਤਰਾ ਕਰਨ ਦੀ ਅਪੀਲ ਕੀਤੀ ਸੀ। ਜੇਕਰ ਕੋਈ ਰੁਕਾਵਟ ਨਾ ਪਈ ਤਾਂ ਅਸੀਂ ਉਥੇ ਵੀ ਜਾਵਾਂਗੇ।

?—ਕੁਝ ਲੋਕਾਂ ਦਾ ਕਹਿਣਾ ਹੈ ਕਿ ਤੁਸੀਂ ਅਜਿਹੀਆਂ ਸਰਗਰਮੀਆਂ ਦਿਖਾ ਕੇ ਰਾਜਨੀਤੀ ਵਿਚ ਆਉਣ ਦਾ ਰਾਹ ਸਾਫ ਕਰ ਰਹੇ ਹੋ ?

—ਨਹੀਂ ਬਈ, ਮੈਂ ਕਈ ਵਾਰ ਇਸ ਗੱਲ ਦਾ ਖੰਡਨ ਕਰ ਚੁੱਕੀ ਹਾਂ। ਲਗਦਾ ਹੈ ਕਿ ਮੇਰਾ ਟਾਊਂਸਿਲ ਹੀ ਬਾਹਰ ਆ ਜਾਏਗਾ ਨਾਂਹ ਨਾਂਹ ਕਰਦਿਆਂ। ਮੇਰਾ ਰਾਜਨੀਤੀ ਵਿਚ ਆਉਣ ਦਾ ਕੋਈ ਵਿਚਾਰ ਨਹੀਂ ਹੈ ਅਤੇ ਨਾਂ ਹੀ ਮੈਂ ਕਿਸੇ ਦੇ ਖਿਲਾਫ ਚੋਣ ਹੀ ਲੜਨਾ ਚਾਹੁੰਦੀ ਹਾਂ। ਹੁਣ ਤੁਸੀਂ ਹੀ ਦਸੋ ਕਿ ਕੀ ਸਾਰੇ ਕੰਮ ਸਵਾਰਥ ਲਈ ਹੀ ਕੀਤੇ ਜਾਂਦੇ ਹਨ। ਕੁਝ ਨਾ ਕੁਝ ਤਾਂ ਕੌਮੀ ਹਿੱਤ ਵਿਚ ਹੀ ਹੋਣਾ ਚਾਹੀਦਾ ਹੈ-ਮੈਂ ਉਹੀ ਕਰ ਰਹੀ ਹਾਂ।

?—ਦੇਸ਼ ਵਿਚ ਆਏ ਦਿਨ ਦੰਗੇ ਹੁੰਦੇ ਰਹਿੰਦੇ ਹਨ, ਇਥੇ ਚੰਗਾ ਮਾਹੌਲ ਬਣਾਉਣ ਵਿਚ ਕਿਸ ਤਰਾਂ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ ?

—ਦੰਗੇ ਫਸਾਦ ਭੜਕਾਣ ਵਾਲੀਆਂ ਤਾਕਤਾਂ ਨੂੰ ਸਾਡੀਆਂ ਰਾਜਸੀ ਪਾਰਟੀਆਂ ਸ਼ਹਿ ਦੇ ਰਹੀਆਂ ਹਨ। ਮਾਹੌਲ ਵਿਚ ਸੁਧਾਰ ਲਈ ਹੁਣ ਰਾਜਸੀ ਪਾਰਟੀਆਂ ਤੋਂ ਬਹੁਤੀ ਉਮੀਦ ਨਹੀਂ ਕਰਨੀ ਚਾਹੀਦੀ। ਉਹਨਾਂ ਦਾ ਇਕ ਸੂਤਰੀ ਪ੍ਰੋਗਰਾਮ ਕੁਰਸੀ ਬਚਾਉਣਾ ਜਾਂ ਕੁਰਸੀ ਹਾਸਲ ਕਰਨਾ ਹੀ ਰਹਿ ਗਿਆ ਹੈ। ਇਸ ਲਈ ਉਹ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਅੱਜ

> **ਜਿਹੜਾ ਮੰਚ ਮੈਨੂੰ ਠੀਕ ਲਗੇਗਾ ਮੈਂ ਸਮਾਜਕ ਨਿਆਂ ਲਈ ਉਸੇ ਨੂੰ ਵਰਤਾਂਗੀ।**

ਲੋੜ ਹੈ ਜਨ-ਸ਼ਕਤੀ ਨੂੰ ਇਕਜੁਟ ਹੋ ਕੇ ਜਾਗ੍ਰਿਤ ਹੋਣ ਦੀ।...ਸਾਨੂੰ, ਤੁਹਾਨੂੰ ਬੁਧੀਜੀਵੀ ਵਰਗ ਨੂੰ ਆਮ ਜਨਤਾ ਨੂੰ ਇਹ ਸਮਝਾਉਣਾ ਚਾਹੀਦਾ ਹੈ ਕਿ ਸਾਡੀ ਮੁਖ ਲੋੜ ਗਰੀਬੀ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਦੇ ਖਿਲਾਫ ਆਵਾਜ਼ ਬੁਲੰਦ ਕਰਨੀ ਹੈ। ਫਿਰਕੂ ਤਾਕਤਾਂ ਦੇ ਖਿਲਾਫ ਲੜਾਈ ਲੜਨੀ ਹੈ।...ਤਾਂ ਹੀ ਅਸੀਂ ਫਿਰਕੂ ਸਦਭਾਵਨਾ ਕਾਇਮ ਰਖ ਸਕਾਂਗੇ।

?—ਕੀ ਇਸ ਤਰਾਂ ਦੀਆਂ ਪਦ-ਯਾਤਰਾਵਾਂ ਨਾਲ ਫਿਰਕੂ ਸਦਭਾਵਨਾ ਕਾਇਮ ਹੋਣ ਦੀ ਉਮੀਦ ਹੈ ?

—ਦੇਖੋ, ਇਕ ਦਮ ਤਾਂ ਕੋਈ ਇਨਕਲਾਬੀ ਕੰਮ ਹੋਣ ਵਾਲਾ ਨਹੀਂ ਹੈ। ਇਹ ਤਾਂ ਇਕ ਸ਼ੁਰੂਆਤ ਹੈ। ਬੀਤੇ ਸਾਲਾਂ 'ਚ ਸੁਨੀਲ ਦੱਤ ਜੀ ਨੇ ਪੰਜਾਬ ਤੱਕ ਪਦਯਾਤਰਾ ਕੀਤੀ ਸੀ...ਚੰਗਾ ਕਦਮ ਸੀ। ਕੁਝ ਚੰਗਾ ਮਾਹੌਲ ਬਣਦਾ ਨਜ਼ਰ ਆਇਆ ਸੀ। ਮੇਰਠ ਵਿਚ ਵੀ ਸਾਰੇ ਫਿਰਕਿਆਂ ਦੇ ਲੋਕਾਂ ਨੇ ਸਾਡਾ ਸਵਾਗਤ ਕੀਤਾ...ਨਾ ਲੜਨ ਦਾ ਪ੍ਰਣ ਵੀ ਕੀਤਾ। ...ਤੇ ਹੌਲੀ ਹੌਲੀ ਸਦਭਾਵਨਾ ਵਾਲਾਂ ਮਾਹੌਲ ਬਣੇਗਾ। ਇਸ ਲਈ ਲਗਾਤਾਰ ਯਤਨਾਂ ਦੀ ਲੋੜ ਹੈ। ਨੌਜਵਾਨਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ।

?—ਹੁਣੇ ਹੁਣੇ ਤੁਸੀਂ ਕਿਹਾ ਕਿ ਨੌਜਵਾਨਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਅੱਜ ਦੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਤੇ ਰਦੋ-ਬਦਲ ਦੇ ਜਿਸ ਮਾਹੌਲ ਨਾਲ ਦੋ ਚਾਰ ਹੋਣ ਪੈ ਰਿਹਾ ਹੈ, ਕੀ ਇਸ ਮਾਹੌਲ ਵਿਚ ਨੌਜਵਾਨ ਦੇਸ਼ ਲਈ ਕੁਝ ਸੋਚ ਸਕਦਾ ਹੈ ?

—ਕਿਸੇ ਵੀ ਦੇਸ਼ ਦਾ ਭਵਿਖ ਨੌਜਵਾਨ ਹੀ ਹੁੰਦੇ ਹਨ। ਮੁਸੀਬਤਾਂ ਕਿਥੇ ਨਹੀਂ ਆਉਂਦੀਆਂ।...ਫਿਰ ਤੋੜ ਫੋੜ... ਅੰਦੋਲਨਬਾਜ਼ੀ ਅਤੇ ਬੇਕਾਰ ਦੀਆਂ ਗੱਲਾਂ ਤੇ ਸਮਾਂ ਗਵਾਉਣ ਤੋਂ, ਤਾਂ ਚੰਗਾ ਹੈ ਕਿ ਸਾਡੇ ਨੌਜਵਾਨ ਰਚਨਾਤਮਕ ਕੰਮਾਂ ਵਿਚ ਲਗਣ।

?—ਫਿਲਮਾਂ ਨੂੰ ਪ੍ਰਚਾਰ-ਪ੍ਰਸਾਰ ਦਾ ਸਭ ਤੋਂ ਤਾਕਤਵਰ ਮਾਧਿਅਮ ਸਮਝਿਆ ਜਾਂਦਾ ਹੈ। ਪਰ ਬੰਬਈ ਅਤੇ ਮਦਰਾਸ ਤੋਂ ਜੋ ਫਿਲਮਾਂ ਆ ਰਹੀਆਂ ਹਨ, ਉਹਨਾਂ ਵਿਚ ਸਿਵਾਏ ਊਲ ਜਲੂਲ ਸੰਵਾਦਾਂ, ਭੈੜੇ ਨਾਚਾਂ ਤੋਂ ਬਿਨਾਂ ਸਿਰ ਪੈਰ ਦੀ ਕਹਾਣੀ ਤੋਂ ਕੁਝ ਹੁੰਦਾ ਹੀ ਨਹੀਂ। ਕੀ ਅਜਿਹੀਆਂ ਫਿਲਮਾਂ ਦਾ ਨੌਜਵਾਨ ਪੀੜ੍ਹੀ ਤੇ ਬੁਰਾ ਅਸਰ ਨਹੀਂ

> **ਮੇਰਾ ਰਾਜਨੀਤੀ ਵਿਚ ਆਉਣ ਦਾ ਕੋਈ ਵਿਚਾਰ ਨਹੀਂ।**

ਪੈਂਦਾ ?

—ਇਥੇ ਮੈਂ ਥੋੜਾ ਜਿਹਾ ਸਪਸ਼ਟ ਕਰਨਾ ਚਾਹਾਂਗੀ। ਜੋ ਫਿਲਮ ਪ੍ਰੋਡਿਊਸਰ 50 ਲੱਖ ਰੁਪਏ ਲਾ ਕੇ ਫਿਲਮ ਬਣਾਉਂਦਾ ਹੈ...ਜ਼ਾਹਿਰ ਹੈ ਉਹ ਪੁੰਨ ਖੱਟਣ ਲਈ ਨਹੀਂ ਲਾਉਂਦਾ। ਉਹ ਚਾਹੁੰਦਾ ਹੈ ਕਿ ਉਸ ਦਾ ਪੈਸਾ ਸਮੇਤ ਵਿਆਜ ਵਾਪਸ ਹੋਵੇ। ਇਸੇ ਲਈ ਉਹ ਫਾਰਮੂਲਾ ਫਿਲਮਾਂ ਬਣਾਉਂਦਾ ਹੈ। ਫਿਲਮਾਂ ਵਿਚ ਚੰਗੀ ਗੱਲ ਵੀ ਹੁੰਦੀ ਹੈ...ਬੁਰੀ ਵੀ। ਹੁਣ ਇਹ ਗੱਲ ਦਰਸ਼ਕ ਤੇ ਨਿਰਭਰ ਕਰਦੀ ਹੈ ਕਿ ਉਹ ਕੀ ਸਿਖਦਾ ਹੈ।

?—ਕੀ ਉਦੇਸ਼ਪੂਰਨ ਫਿਲਮਾਂ ਨਹੀਂ ਬਣ ਸਕਦੀਆਂ ?

— ਦੇਖੋ, ਜਿਹੜੀਆਂ ਬਣਦੀਆਂ ਹਨ, ਉਹ ਕਿੰਨਾ ਕੁ ਚਲਦੀਆਂ ਹਨ, ਜਿਹਨਾਂ ਨੂੰ ਕਿ ਕਲਾਤਮਕ ਫਿਲਮਾਂ ਕਿਹਾ ਜਾਂਦਾ ਹੈ, ਉਹ ਸਿਨਮਾ ਹਾਲ ਤਕ ਪਹੁੰਚਦੀਆਂ ਹੀ ਨਹੀਂ।...ਅਸੀਂ ਸਰਕਾਰ ਨੂੰ ਕਈ ਵਾਰ ਕਿਹਾ ਹੈ ਕਿ ਉਦੇਸ਼ਪੂਰਣ ਫਿਲਮਾਂ ਦੇ ਉਤਸ਼ਾਹ ਲਈ ਢੁਕਵੇਂ ਪ੍ਰਬੰਧ ਕਰੇ ਪਰ ਕੋਈ ਜਵਾਬ ਨਹੀਂ। ਅਸੀਂ ਇਹ ਵੀ ਮੰਗ ਕੀਤੀ ਸੀ ਕਿ ਜਿਹਨਾਂ ਫਿਲਮਾਂ ਨੂੰ ਦੇਸ਼ ਵਿਦੇਸ਼ ਵਿਚ ਇਨਾਮ ਮਿਲਣ—ਉਹਨਾਂ ਨੂੰ ਟੈਕਸ ਤੋਂ ਛੋਟ ਦੇਣੀ ਚਾਹੀਦੀ ਹੈ, ਉਹ ਵੀ ਨਹੀਂ ਹੋਇਆ। ਫਿਰ ਤੁਸੀਂ ਫਿਲਮ ਵਾਲਿਆਂ ਤੋਂ ਹੀ ਏਨੀ ਆਸ ਕਿਉਂ ਕਰਦੇ ਹੋ। ਸਾਡੀ ਸਰਕਾਰ ਦੇ ਵੀ ਤਾਂ ਕਈ ਫਰਜ਼ ਹਨ। ਫਾਰਮੂਲਾ ਫਿਲਮਾਂ ਬਣਾਉਣ ਵਾਲਿਆਂ ਨੂੰ ਜੇਕਰ ਤੁਸੀਂ ਕਹੋਗੇ ਤਾਂ ਇਕ ਜਵਾਬ ਮਿਲੇਗਾ ਜੋ ਦਰਸ਼ਕ ਪਸੰਦ ਕਰਦੇ ਹਨ, ਓਹੀ ਅਸੀਂ ਬਣਾ ਰਹੇ ਹਾਂ।

?—ਪਤਾ ਲਗਾ ਸੀ ਕਿ ਫਿਲਮ ਮੇਲੇ ਸਮੇਂ ਤੁਸੀਂ ਸਫਦਰ ਹਾਸ਼ਮੀ ਦੇ ਕਤਲ ਬਾਰੇ ਸਰਕਾਰ ਦੀ ਜਿਹੜੀ ਖਿਚਾਈ ਕੀਤੀ ਸੀ—ਉਸ ਕਾਰਨ ਟੀ. ਵੀ. ਵਾਲਿਆਂ 'ਤੇ ਤੁਹਾਡੇ ਬਾਰੇ ਕੁਝ ਦਿਖਾਉਣ ਤੇ ਪਾਬੰਦੀ ਲਗਾ ਦਿਤੀ ਸੀ।

—ਉਹ ਰੋਕ ਤਿੰਨ ਚਾਰ ਦਿਨ ਹੀ ਲੱਗੀ ਰਹਿ ਸਕੀ। ਅਖਬਾਰਾਂ ਵਿਚ ਖਬਰ ਛਪੀ ਤਾਂ ਰੋਕ ਹਟ ਗਈ।...ਪਰ ਮੈਂ ਇਸ ਨਾਲ ਘਬਰਾਉਣ ਵਾਲੀ ਨਹੀਂ। ਜਿਹੜਾ ਮੰਚ ਮੈਨੂੰ ਠੀਕ ਲਗੇਗਾ, ਮੈਂ ਸਮਾਜਕ ਨਿਆਂ ਲਈ ਉਸ ਨੂੰ ਵਰਤਾਂਗੀ।

?—ਅਜਿਹੀਆਂ ਸਰਗਰਮੀਆਂ ਲਈ ਕੀ ਤੁਹਾਨੂੰ ਤੁਹਾਡੇ ਪਤੀ ਦਾ ਆਸਰਾ ਮਿਲਦਾ ਹੈ?

—ਬਿਲਕੁਲ ਪੂਰਾ ਪੂਰਾ ਸਹਿਯੋਗ ਮਿਲਦਾ ਹੈ। ਉਹ ਬੜੇ ਖੁਸ਼ ਹੁੰਦੇ ਹਨ... ਮੇਰੇ ਅੱਬਾ ਵੀ ਬੜਾ ਸਹਿਯੋਗ ਦਿੰਦੇ ਹਨ, ਬਲਕਿ ਇਸ ਪਦਯਾਤਰਾ ਦੌਰਾਨ ਉਹ ਵੀ ਮੇਰੇ ਨਾਲ ਆਉਣਾ ਚਾਹੁੰਦੇ ਸਨ, ਪਰ ਮੈਂ ਨਾਂਹ ਕਰ ਦਿਤੀ। ਉਹਨਾਂ ਦੀ ਸਿਹਤ ਅੱਜ ਕਲ ਠੀਕ ਨਹੀਂ ਚਲ ਰਹੀ। ਮੇਰੀ ਪ੍ਰੇਰਣਾ ਮੇਰੇ ਅੱਬਾ ਹੀ ਹਨ...ਜਦ ਮੈਂ ਤਿੰਨ ਸਾਲ ਦੀ ਸੀ ਤਾਂ ਉਸ ਸਮੇਂ ਉਹ ਮੈਨੂੰ ਕਿਸਾਨ ਅੰਦੋਲਨ ਵਿਚ ਲਿਜਾਇਆ ਕਰਦੇ ਸਨ...ਉਹ ਸ਼ੁਰੂ ਤੋਂ ਹੀ ਕਮਿਊਨਿਸਟ ਅੰਦੋਲਨ ਨਾਲ ਜੁੜੇ ਰਹੇ ਹਨ ...1984 ਤੋਂ ਬਾਦ ਮੈਂ ਫਿਰ ਅਜਿਹੀਆਂ ਸਰਗਰਮੀਆਂ ਲਈ ਸਮਾਂ ਕੱਢਣਾ ਸ਼ੁਰੂ ਕੀਤਾ ਹੈ।

?—ਅਗਲਾ ਪ੍ਰੋਗਰਾਮ ਕੀ ਹੈ?

—ਇਸ ਮਹੀਨੇ ਵਿਚ ਜਾਂ ਜੂਨ ਵਿਚ ਪੰਜਾਬ ਦੀ ਪਦਯਾਤਰਾ ਕਰਾਂਗੀ। ਜਥੇਦਾਰ ਉਮਰਾਨੰਗਲ ਜੀ ਨੇ ਮੈਨੂੰ ਪਦਯਾਤਰਾ ਦੀ ਅਪੀਲ ਕੀਤੀ ਹੈ। ਸਮਾਂ ਮਿਲਦਿਆਂ ਹੀ ਅਸੀਂ ਪਦਯਾਤਰਾ ਕਰਕੇ ਲੋਕਾਂ ਨੂੰ ਸਮਝਾਵਾਂਗੇ।

# ਇਹ ਕੋਈ ਯੁੱਧ ਨਹੀਂ

## ਤਜਿੰਦਰ ਵਿਰਲੀ

ਤੁਸੀਂ ਇਸ ਨੂੰ ਕਿਸੇ ਯੁੱਧ ਦਾ
ਨਾਮ ਨਾ ਦਿਓ
ਅਤੇ ਨਾ ਹੀ ਇਹ ਕੋਈ ਯੁੱਧ ਹੈ।
ਯੁੱਧ ਤਾਂ ਗੁਰੂ ਗੋਬਿੰਦ ਸਿੰਘ ਨੇ ਲੜਿਆ ਸੀ
ਹਰ ਯੁੱਧ ਵਿਚ ਇਨਸਾਨ ਲੜਦੇ ਨੇ
ਪੁਤਲੀਆਂ ਦਾ ਯੁੱਧ ਕੋਈ
ਯੁੱਧ ਨਹੀਂ ਹੁੰਦਾ
ਉਹ ਤੇ ਬਸ ਨਾਚ ਕਰਦੀਆਂ ਨੇ
ਤੁਸੀਂ ਇਸ ਨੂੰ ਕਿਸੇ ਯੁੱਧ ਦਾ ਨਾਮ ਨਾ ਦਿਓ
ਤੇ ਨਾ ਹੀ ਇਹ ਕੋਈ ਯੁੱਧ ਹੈ।
ਯੁੱਧ ਦਾ ਵੀ ਕੋਈ ਧਰਮ ਹੁੰਦਾ ਹੈ।
ਯੁੱਧ ਦਾ ਵੀ ਕੋਈ ਕਰਮ ਹੁੰਦਾ ਹੈ।
ਜੋ ਸਾਡੀਆਂ ਮਾਵਾਂ ਲਈ ਹਾਉਕਾ ਬਣ ਆਵੇ
ਜੋ ਸਾਡੀਆਂ ਭੈਣਾਂ ਦੀਆਂ ਇਜ਼ਤਾਂ ਨੂੰ ਹਥ ਪਾਵੇ
ਉਹ ਕੋਈ ਯੁੱਧ ਨਹੀਂ
ਜੋ ਨਹੱਥਿਆਂ ਦੇ ਪ੍ਰਛਾਵਿਆਂ ਨਾਲ ਲੜਿਆ ਜਾਵੇ
ਤੁਸੀਂ ਇਸ ਨੂੰ ਕਿਸੇ ਯੁੱਧ ਦਾ ਨਾਮ ਨਾ ਦਿਓ
ਤੇ ਨਾਂ ਹੀ ਇਹ ਕੋਈ ਯੁਧ ਹੈ।

ਯੁੱਧ ਤਾਂ ਘਰ ਘਰ 'ਚੋਂ ਉਠਦਾ ਹੈ।
ਇਹ ਜੋ ਮੰਦਰ 'ਚੋਂ ਉੱਠਿਆ ਹੈ।
ਮਸਜਦ ਨੂੰ ਢਾਉਣ ਲਈ
ਇਹ ਕੋਈ ਯੁਧ ਨਹੀਂ
ਇਹ ਤਾਂ ਨਾਮ ਧਰੀਕ ਚੋਧਰੀਆਂ ਦਾ
ਧਰਮ ਦੇ ਅਰਥਾਂ ਨੂੰ।
ਲਿਖਿਆ ਬੇਦਾਵਾ ਹੈ।
ਜਾਂ ਚਿੜੀਆਂ ਦੀ ਮੌਤ ਤੇ
ਗਵਾਰਾਂ ਦਾ ਹਾਸਾ ਹੈ
ਇਹ ਕੋਈ ਯੁਧ ਨਹੀਂ
ਤੇ ਨਾਂ ਹੀ
ਤੁਸੀਂ ਇਸ ਨੂੰ ਕਿਸੇ ਯੁਧ ਦਾ ਨਾਮ ਦਿਓ।

# 'ਕੀ ਅਨੁਵਾਦ ਕਰ ਸਕੋਗੇ

ਉਰਦੂ ਨਜ਼ਮ

—ਤਬੱਸੁਮ ਕਸ਼ਮੀਰੀ

ਕੀਤੇ ਅਨੁਵਾਦ ਅਸੀਂ ਦੇਸ਼ ਦੇਸ਼ ਦੇ
ਦੇਸ਼ਾਂ ਦੀਆਂ ਚੰਗੀਆਂ ਕਵਿਤਾਵਾਂ ਦੇ
ਅਤੇ ਚੰਗੇ ਕਿੱਸਿਆਂ ਦੇ

ਪਰ ਅਸੀਂ ਅਨੁਵਾਦ ਨਾ ਕਰ ਸਕੇ
ਚੰਗੇ ਮੌਸਮਾਂ ਦਾ
ਚੰਗੀਆਂ ਰਾਤਾਂ ਦਾ
ਅਤੇ ਚੰਗੀਆਂ ਅੱਖਾਂ ਦਾ
ਉਹ ਸਭ ਕੁਝ ਰਿਹਾ
ਅਨੁਵਾਦ ਤੋਂ ਵਾਂਝਾ।

ਕੀ ਤੁਸੀਂ ਅਨੁਵਾਦ ਕਰ ਸਕਦੇ ਹੋ?
ਸੋਹਣੀਆਂ ਕੁੜੀਆਂ ਦਾ
ਉਹਨਾਂ ਦੇ ਸੋਹਣੇ ਬਦਨਾਂ ਦਾ
ਅਤੇ ਉਹਨਾਂ ਦੀਆਂ ਬਹੁਤ ਹੀ ਖ਼ੂਬਸੂਰਤ
ਮੁਲਾਇਮ ਸੋਚਾਂ ਦਾ

ਕੀ ਤੁਸੀਂ ਅਨੁਵਾਦ ਕਰ ਸਕੋਗੇ?
ਬਦਾਮ ਦੇ ਰੁੱਖਾਂ ਤੇ ਉਸਦੀ ਚਿੱਟੀ ਭੋਰ ਦਾ

ਕਿਸੇ ਤਨਹਾ ਰਾਤ ਨੂੰ
ਫਰਸ਼ ਉੱਤੇ ਡਿੱਗਦੇ
ਇਕ ਪੰਛੀ ਦੇ ਗਮਨਾਕ ਗੀਤ ਦਾ
ਹੇਠਾਂ ਤਲਾਬਾਂ 'ਚ ਤੈਰਦੇ
ਕਮਲ ਦੇ ਬਹੁਤ ਸਾਰੇ ਫੁੱਲਾਂ ਦਾ
ਅਤੇ ਕਿਸ਼ਤੀਆਂ ਦੇ ਇਕ ਪੁਲ 'ਤੇ
ਸੁਰੱਖਿਅਤ
ਇਕ ਖ਼ੂਬਸੂਰਤ ਪਲ ਦਾ

ਤੁਸੀਂ ਅਨੁਵਾਦ ਨਹੀਂ ਕਰ ਸਕੋਗੇ!
ਉਸ ਪਲ ਦਾ
ਉਸ ਪਲ 'ਚ ਖਿੜਦੇ ਗੁਲਾਬਾਂ ਦਾ
ਉਸ ਪਲ 'ਚ ਉਗਦੀ ਨੀਲਾਹਟ ਦਾ
ਬੱਦਲਾਂ ਦੀਆਂ ਉਂਗਲੀਆਂ 'ਚੋਂ ਵਹਿੰਦੀ
ਧੁੰਦ ਦਾ
ਅਤੇ ਇੱਕ ਟਾਹਣੀ 'ਤੇ ਕੰਬਦੇ
ਸਿਆਲ ਦੇ ਅਖੀਰਲੇ ਫੁੱਲ ਦਾ

ਕੀ ਤੁਸੀਂ ਅਨੁਵਾਦ ਕਰ ਸਕੋਗੇ?
ਅਲੂਚੇ ਦੀ ਸ਼ਰਾਬ ਦਾ
ਉਹਦੀ ਖ਼ੁਸ਼ਬੂ ਦਾ
ਉਹਦੇ ਨਸ਼ੇ ਦਾ
ਅਤੇ ਜਿਸਮ 'ਚ ਜਜ਼ਬ ਹੁੰਦੇ
ਰੰਗਾਂ ਦਾ

ਅਤੇ ਕਿਸੇ ਜੰਗਲ 'ਚ
ਇਕ ਇਕੱਲੀ ਘੁੱਗੀ ਦਾ
ਪਰਾਂ ਤੇ ਡਿੱਗਦੀ ਖਾਮੋਸ਼ੀ ਦਾ
ਉਹਦੀ ਉਦਾਸ ਚੁੱਪ ਦਾ

ਤੁਸੀਂ ਅਨੁਵਾਦ ਨਹੀਂ ਕਰ ਸਕਦੇ,
ਤੀਜੀ ਦੁਨੀਆਂ ਦੇ ਭੁੱਖੇ ਢਿੱਡ
ਵਿਲਕਦੇ ਬੱਚਿਆਂ ਦਾ

ਉਹਨਾਂ ਦੇ ਰੁਕਣ ਵਾਲੇ ਅੱਥਰੂਆਂ ਦਾ
ਬਿਨਾਂ ਦੁੱਧ ਮਾਵਾਂ ਦੀਆਂ ਛਾਤੀਆਂ ਦਾ
ਪਿਆਸੇ ਹੋਠਾਂ ਦਾ
ਨਿੱਕੇ ਨਿੱਕੇ ਸੁਪਨਿਆਂ ਦਾ
ਸਦੀਆਂ ਦੀ ਮਹਿਰੂਮੀ ਦਾ

ਹਸਰਤ ਦਾ, ਗੁਰਬਤ ਦਾ
ਅਤੇ ਗੁਰਬਤ ਦੇ ਦੁੱਖਾਂ ਦਾ
ਸੁੱਕੀਆਂ ਅੱਖਾਂ ਦਾ
ਬੇਚਿਰਾਗ ਘਰਾਂ ਦਾ
ਅਤੇ ਅਤਿ ਠੰਢੇ ਚੁੱਲ੍ਹਿਆਂ ਦਾ

ਤੁਸੀਂ ਅਨੁਵਾਦ ਨਹੀਂ ਕਰ ਸਕਦੇ!
ਤੁਸੀਂ ਅਨੁਵਾਦ ਨਹੀਂ ਕਰ ਸਕਦੇ!

(ਅਨੁ: ਜਸਮੇਲ ਕੌਰ ਐਮ. ਏ.)

ਇਨਸਾਨੀਅਤ ਸਭਨਾਂ
ਧਰਮਾਂ ਤੋਂ ਉਪਰ ਹੈ
ਇਨਸਾਨ ਬਣੋ

# ਪੰਜਾਬ ਪੱਤੇ ਦੀ ਫਿਰ ਵਰਤੋਂ

## ਹਰਕਿਸ਼ਨ ਸਿੰਘ ਸੁਰਜੀਤ

ਹਾਲ ਹੀ ਦੀ ਪਾਰਲੀਮੈਂਟ ਵਿਚਲੀ ਬਹਿਸ ਅਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ, ਗ੍ਰਹਿ ਮੰਤਰੀ ਬੂਟਾ ਸਿੰਘ ਅਤੇ ਗਵਰਨਰ ਸ੍ਰੀ ਐਸ ਐਸ ਰੇਅ ਦਿਆਂ ਭਿੰਨ ਭਿੰਨ ਬਿਆਨਾਂ ਤੋਂ ਇਹ ਸਪਸ਼ਟ ਹੈ ਕਿ ਪੰਜਾਬ ਵਿਚ ਕਸ਼ਟ ਜਾਰੀ ਰਹੇਗਾ ਅਤੇ ਹਾਕਮ ਪਾਰਟੀ ਲਈ ਪੰਜਾਬ ਮਸਲੇ ਨੂੰ ਹੱਲ ਕਰਨ ਦੀ ਅਤੇ ਰਾਜ ਵਿਚ ਅਮਨ ਬਹਾਲ ਕਰਨ ਦੀ ਕੋਈ ਪ੍ਰਾਥਮਿਕਤਾ ਨਹੀਂ ਹੈ। ਰਾਸ਼ਟਰੀ ਏਕਤਾ ਦੀ ਸਮਸਿਆ ਨੂੰ ਮਹੱਤਵ ਦੇਣ ਦੀ ਥਾਂ, ਹਾਕਮ ਪਾਰਟੀ ਦੀ ਚਿੰਤਾ ਆਪਣੇ ਆਪ ਵਾਸਤੇ ਚੋਣ ਲਾਭ ਪ੍ਰਾਪਤ ਕਰਨ ਲਈ ਅਜਿਹੇ ਮੁਦਿਆਂ ਨੂੰ ਆਪਣੇ ਹਿੱਤ ਵਿਚ ਵਰਤਨ ਦੀ ਜਾਪਦੀ ਹੈ। ਅੱਤਵਾਦੀਆਂ ਹਥੋਂ ਬੇਦੋਸ਼ੇ ਲੋਕਾਂ ਦੀਆਂ ਹਰ ਰੋਜ਼ ਹੋ ਰਹੀਆਂ ਹਤਿਆਵਾਂ ਉਹਨਾਂ ਦੀ ਜਮੀਰ ਨੂੰ ਨਹੀਂ ਝੰਜੋੜਦੀਆਂ। ਰਾਸ਼ਟਰਪਤੀ ਰਾਜ ਵਿਚ, ਜਿਸ ਲਈ ਉਹ ਫਖਰ ਮਹਿਸੂਸ ਕਰਦੇ ਜਾਪਦੇ ਹਨ, ਜਿਹੜਾ ਮੁੜ ਛੇ ਮਹੀਨੇ ਲਈ ਹੋਰ ਵਧਾ ਦਿਤਾ ਹੈ. ਪਿਛਲੇ ਦੋ ਸਾਲ ਵਿਚ 3500 ਬੇਦੋਸ਼ਿਆਂ ਜਾਨਾਂ ਚਲੀਆਂ ਗਈਆਂ ਹਨ। ਸਰਕਾਰਦੇ ਆਗੂਆਂ ਨੂੰ ਇਸ ਨੇ ਵੀ ਨਹੀਂ ਝੰਜੋੜਿਆ। ਉਹ ਇਸ ਦੇ ਉਲਟ ਬਿਆਨਬਾਜ਼ੀ ਕਰਦੇ ਚਲੇ ਜਾ ਰਹੇ ਹਨ।

1988 ਦੌਰਾਨ, ਪੰਜਾਬ ਵਿਚ ਕੇਂਦਰ ਸਰਕਾਰ ਦਾ ਬੁਲਾਰਾ ਸ੍ਰੀ ਐਸ. ਐਸ ਰੇਅ ਇਕ ਤੋਂ ਬਾਅਦ ਇਕ ਬਿਆਨ ਦਿੰਦਾ ਰਿਹਾ ਕਿ ਰਾਜੀਵ ਗਾਂਧੀ ਦੀ ਜੇਬ ਵਿਚ ਪੰਜਾਬ ਦਾ ਹੱਲ ਮੌਜੂਦ ਹੈ ਅਤੇ ਉਹ ਇਸ ਦਾ ਛੇਤੀ ਹੀ ਐਲਾਨ ਕਰਨਗੇ। ਪਿਛਲੇ ਸਾਲ ਸਤੰਬਰ ਵਿਚ, ਇਕੋ ਐਲਾਨ ਜਿਹੜਾ ਉਹਨਾਂ ਨੇ ਕੀਤਾ ਉਹ ਸੀ ਬਦੇਸ਼ ਮੰਤਰੀ ਸ੍ਰੀ ਪੀ. ਵੀ. ਨਰਸਿਮਾ ਰਾਓ ਦੀ ਅਗਵਾਈ ਵਿਚ ਕੈਬੀਨਿਟ ਸਬ ਕਮੇਟੀ ਦੀ ਨਿਯੁਕਤੀ।

ਹੁਣ ਇਸ ਕਮੇਟੀ ਨੂੰ ਬਣਿਆਂ ਸਤ ਮਹੀਨੇ ਤੋਂ ਵਧ ਸਮਾਂ ਹੋ ਗਿਆ ਹੈ ਅਤੇ ਸਰਕਾਰ ਨੇ ਪੰਜਾਬ ਮਸਲੇ ਨੂੰ "ਐਨੀ ਮਹੱਤਤਾ ਦਿਤੀ ਹੈ" ਕਿ ਸਬ ਕਮੇਟੀ ਕੁਝ ਅਪੋਜੀਸ਼ਨ ਪਾਰਟੀਆਂ ਨਾਲ ਪੰਜਾਬ ਮੁਦੇ ਤੇ ਵਿਚਾਰਾਂ ਦਾ ਆਮ ਰੂਪ ਵਿਚ ਵਟਾਂਦਰਾ ਕਰਨ ਵਾਸਤੇ ਕੇਵਲ ਦੋ ਦਿਨ ਕਢ ਸਕੀ ਹੈ ਇਕ ਚੰਡੀਗੜ ਵਿਚ ਅਤੇ ਦੂਸਰਾ ਦਿੱਲੀ ਵਿਚ। ਇਹ ਸਮਸਿਆ ਦੇ ਨਿਪਟਾਰੇਸਬੰਧੀ ਸਰਕਾਰ ਦੇ ਇਰਾਦੇ ਅਤੇ ਗੈਰ ਸੰਜੀਦਗੀ ਨੂੰ ਦਰਸਾਉਂਦਾ ਹੈ।

### ਗੈਰਸੰਜੀਦਗੀ

ਰਾਜ ਸਭਾ ਅਤੇ ਲੋਕ ਸਭਾ ਵਿਚ ਬਹਿਸ ਵਿਚ ਦਖਲ ਦਿੰਦਿਆਂ ਪਰਧਾਨ ਮੰਤਰੀ ਨੇ ਪੰਜਾਬ ਬਾਰੇ ਇਕ ਲੰਬਾ ਚੌੜਾ ਬਿਆਨ ਦਿਤਾ ਜਿਸ ਵਿਚ ਆਮ ਧੁਮਾਏ ਗਏ ਉਕੇ ਪੁਕੇ ਕਦਮਾਂ ਦੀ ਵੀ ਗੱਲ ਕੀਤੀ ਗਈ। ਉਸ ਬਿਆਨ ਵਿਚ, ਜਦ ਕਿ ਭਾਵੇਂ ਉਸ ਨੇ ਇਹਨਾਂ ਉਕੇ ਪੁਕੇ ਕਦਮਾਂ ਰਾਹੀਂ ਕੁਝ ਅੜਿਕੇ ਦੂਰ ਕਰਨੇ ਚਾਹੇ ਹਨ, ਪਰ ਉਹ ਪਰਮੁਖ ਸਮਸਿਆ ਨੂੰ ਛੂਹਣਵਿਚ ਅਸਫਲ ਰਿਹਾ ਹੈ ਜਿਹੜੀ ਕਿ ਹਲ ਮੰਗਦੀ ਹੈ। ਇਸ ਭਾਸ਼ਣ ਵਿਚ ਸਮਸਿਆ ਨੂੰ ਨਿਬੇੜਨ ਲਈ ਕੋਈ ਤਤਪਰਤਾ ਨਹੀਂ ਦਿਖਾਈ ਗਈ।

ਅਸਲ ਵਿਚ ਬਿਆਨ ਵਿਚ ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਇਹ ਸੂਚਿਤ ਕੀਤਾ ਕਿ ਦਹਿਸ਼ਤਗਰਦਾਂ ਦੇ ਪ੍ਰਮੁਖ ਗਰੁਪ ਖਤਮ ਕੀਤੇ ਜਾ ਚੁਕੇ ਹਨ ਅਤੇ ਕੇਵਲ ਦੋ ਛੋਟੇ ਗਰੁਪ ਰਹਿੰਦੇ ਹਨ ਅਤੇ ਉਹ ਸਮਾਜ ਵਿਰੋਧੀ ਅਨਸਰਾਂ ਦੀ ਸਹਾਇਤਾ ਨਾਲ ਕੰਮ ਕਰ ਰਹੇ ਹਨ। ਪਰ ਜੇ ਤੁਸੀਂ ਡੀ. ਜੀ ਪੀ ਪੰਜਾਬ ਵਲੋਂ ਦਿਤੇ ਜਾਂਦੇ ਰੋਜ਼ਾਨਾਂ ਬਿਆਨਾਂ ਨੂੰ ਦੇਖੋ ਤਾਂ ਉਹਨਾਂ ਅਨੁਸਾਰ ਹਰ ਰੋਜ਼ ਇਕ ਦਰਜਨ ਦੇ ਕਰੀਬ ਖਤਰਨਾਕ ਅੱਤਵਾਦੀ ਗਰਿਫਤਾਰ ਕੀਤੇ ਜਾਂਦੇ ਹਨ। ਜੇ ਤਿੰਨ ਮਾਰਚ ਤੋਂ ਹੀ ਉਹਨਾਂ ਦੀਗਿਣਤੀ ਕੀਤੀ ਜਾਵੇ ਤਾਂ ਇਹ 200 ਤੋਂ ਘਟਨਹੀਂ ਬਣੇਗੀ, ਉਹਨਾਂ ਦਾ ਨਿਸ਼ਾਨਾ ਉਹ ਰਾਜ-ਨੀਤਕ ਵਿਰੋਧੀ ਹਨ ਜਿਹੜੇ ਉਹਨਾਂ ਵਿਰੁੱਧ ਲੜ ਰਹੇ ਹਨ ਅਤੇ ਪੰਜਾਬੀ ਲੋਕਾਂ ਦੀ ਏਕਤਾ ਦੀ ਰਾਖੀ ਕਰ ਰਹੇ ਹਨ।

ਜੇ ਪ੍ਰਧਾਨ ਮੰਤਰੀ ਅਨੁਸਾਰ ਕੇਵਲ ਸਮਾਜ ਵਿਰੋਧੀ ਹੀ ਕਾਰਵਾਈਆਂ ਕਰ ਰਹੇ ਹਨ ਤਾਂ ਉਹਨਾਂ ਦਾ ਨਿਸ਼ਾਨ ਰਾਜਨੀਤਕ ਵਿਰੋਧੀ ਨਹੀਂ ਹੋ ਸਕਦੇ। 12 ਪੁਲਸ ਥਾਣਿਆਂ ਵਿਚ ਜਿਥੇ ਦਹਿਸ਼ਤਗਰਦ ਸਰ-ਗਰਮੀ ਵਧੇਰੇ ਤਿਖੀ ਹੈ, ਹਿੰਦੂ ਤੇ ਸਿੱਖ ਪਰਵਾਰ ਦੋਵੇਂ ਹੀ ਪਿੰਡਾਂ ਤੋਂ ਹਿਜਰਤ ਕਰਕੇ ਸ਼ਹਿਰਾਂ ਵਿਚ ਆ ਰਹੇ ਹਨ। ਪ੍ਰਧਾਨ ਮੰਤਰੀ ਵਲੋਂ ਕੀਤੇ ਦਾਅਵਿਆਂ ਦੇ ਉਲਟ ਰਿਪੋਰਟਾਂ ਦਸਦੀਆਂ ਹਨ ਕਿ ਦਹਿਸ਼ਤ-ਗਰਦ ਹੁਣ ਅਗੇ ਨਾਲੋਂ ਵਧੇਰੇ ਜਥੇਬੰਦ ਹਨ ਅਤੇ ਭਿੰਨ ਭਿੰਨ ਗਰੁਪਾਂ ਨੇੜਲਾ ਸਹਿ-ਯੋਗ ਕਰ ਰਹੇ ਹਨ ਅਤੇ ਉਹ ਹਥਿਆਰਾਂ ਨਾਲ ਚੰਗੀ ਤਰਾਂ ਲੈਸ ਹਨ। ਉਹਨਾਂ ਕੋਲ ਵਧੇਰੇ ਭਿਆਂਕਰ ਏ-ਕੇ-47 ਅਸਾਲਟ ਰਫਲਾਂ ਹਨ। ਕੁਝ ਰਿਪੋਰਟਾਂ ਇਹ ਵੀ ਸੰਕੇਤ ਦਿੰਦੀਆਂ ਹਨ ਕਿ ਉਹਨਾਂ ਨੂੰ ਹੁਣ ਬੰਬ, 2 ਇੰਚ ਮਾਰਟਰ ਅਤੇ ਰਾਕਟ ਵੀ ਮਿਲ ਗਏ ਹਨ। ਪਾਕਿਸਤਾਨ ਤੋਂ ਇਹ ਸਪਲਾਈ ਜਾਰੀ ਹੈ।

ਸਰਕਾਰ ਦਾ ਇਰਾਦਾ ਇਹ ਦਰ-ਸਾਉਣ ਦਾ ਜਾਪਦਾ ਹੈ ਕਿ ਚੁਣੀ ਸਰਕਾਰ ਦੀ ਤਲਨਾ ਵਿਚ, ਜਿਹੜੀ (ਹਰਿਆਣਾ ਚੋਣਾਂ ਵਿਚ ਲਾਹਾ ਖਟਣ ਲਈ) ਬਰਖਾਸਤ ਕਰ ਦਿਤੀ ਗਈਸੀ, ਪੰਜਾਬ ਸਮਸਿਆ ਨਾਲ


- ਕਾਰ ਐਕਸੀਡੈਂਟ ਜਾਂ ਐਕਸੀਡੈਂਟ ਕਾਰਨ ਸੱਟਾਂ ਦਾ ਮਸਲਾ ਹੈ
- ਰੀਅਲ ਇਸਟੇਟ ਦਾ ਕੰਮ ਕਰਵਾਉਣਾ ਹੈ • ਕੰਪਨੀਆਂ ਨੂੰ ਰਜਿਸਟਰਡ ਕਰਵਾਉਣਾ ਹੈ

ਤਾਂ

**ਮਹਿਬੂਬ ਪਿਰਾਨੀ** ਬੈਰਿਸਟਰ ਤੇ ਸੌਲਿਸਟਰ ਨੂੰ ਮਿਲੋ

**Beck, Robinson & Co.**

700-686 West Broadway Vancouver,
B.C. V5X 1G6

ਫੋਨ : 874-0204

ਨਿਪਟਣ ਵਾਸਤੇ ਰਾਸ਼ਟਰਪਤੀ ਰਾਜ ਵਧੇਰੇ ਲਾਭਕਾਰੀ ਸਿਧ ਹੋਇਆ ਹੈ। ਐਪਰ ਤਥ ਇਹਨਾਂ ਦਾਅਵਿਆਂ ਨੂੰ ਝੁਠਲਾਉਂਦੇ ਹਨ। ਅਸਲ ਵਿਚ, "ਅਪਰੇਸ਼ਨ ਕਾਲੀ ਗਰਜ" ਠੀਕ ਕੀਤਾ ਗਿਆ ਸੀ। ਇਸ ਨਾਲ ਅੱਤਵਾਦੀ ਤੇ ਵੱਖਵਾਦੀ ਬੇਨਕਾਬ ਹੋਏ। ਪਰ ਭਾਰਤ ਸਰਕਾਰ ਵਲੋਂ ਇਸ ਦੀ ਵਰਤੋਂ ਨਾ ਕੀਤੀ ਗਈ ਕਿਉਂਕਿ ਇਸਨੇ ਰਾਜਨੀਤਕ ਹਲ ਲਭਣ ਤੋਂ ਇਨਕਾਰ ਕੀਤਾ ਅਤੇ ਨਿਰੇ ਪ੍ਰਸ਼ਾਸ਼ਕੀ ਕਦਮਾਂ ਉਪਰ ਟੇਕ ਰਖਣੀ ਜਾਰੀ ਰਖੀ। ਨਾਲੇ ਪੰਜਾਬ ਵਿਚ ਪ੍ਰਸ਼ਾਸਨ ਦਾ ਲਗਭਗ ਭੱਠਾ ਬੈਠ ਚੁਕਾ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੁਲਸ ਤੇ ਪ੍ਰਸ਼ਾਸ਼ਕੀ ਅਫਸਰਾਂ ਦੀ ਚੰਗੀ ਖਾਸੀ ਗਿਣਤੀ ਨੇ ਮੌਜੂਦਾ ਸਥਿਤੀ ਦੇ ਚਾਲੂ ਰਹਿਣ ਵਿਚ ਵਿਸ਼ੇਸ਼ ਹਿਤ ਵਿਕਸਤ ਕਰ ਲਿਆ ਹੈ। ਅਜਿਹੀ ਸਥਿਤੀ ਵਿਚ ਸਤ ਹੋ ਰਹੀ ਹੈ ਜਿਥੇ ਪੁਲਸ ਤੇ ਪ੍ਰਸ਼ਾਸ਼ਨ ਵਿਚ ਟਕਰਾਅ ਹੋ ਸਕਦਾ ਹੈ। ਲੋਕ ਖੁਲੇਆਮ ਕਹਿੰਦੇ ਹਨ ਕਿ ਅੱਤਵਾਦੀਆਂ ਵਲੋਂ ਸਾਡੇ ਉਪਰ ਰਾਤ ਨੂੰ ਹਮਲਾ ਕੀਤਾ ਜਾਂਦਾ ਹੈ ਅਤੇ ਦਿਨ ਵਿਚ ਸਾਨੂੰ ਪੁਲਸ ਵਲੋਂ ਲੁਟਿਆ ਅਤੇ ਖਜਲ ਖੁਆਰ ਕੀਤਾ ਜਾਂਦਾ ਹੈ। ਇਸ ਤੋਂ ਇਹ ਸਥਿਤੀ ਉਤਪੰਨ ਹੋ ਗਈ ਕਿ ਲੋਕ ਅੱਤਵਾਦੀਆਂ ਦੇ ਵਿਰੁੱਧ ਹਨ ਪਰ ਲੋਕਾਂ ਦਾ ਸਰਕਾਰ ਵਿਰੁੱਧ ਗੁਸਾ ਵੀ ਉਨਾ ਹੀ ਪਰਬਲ ਹੈ। ਇਹ ਉਹਨਾਂ ਨੂੰ ਅੱਤਵਾਦ ਤੇ ਵੱਖਵਾਦ ਵਿਰੁੱਧ ਸੰਘਰਸ਼ ਵਿਚ ਸਰਗਰਮ ਭਿਆਲ ਬਨਣ ਤੋਂ ਰੋਕਦੀ ਹੈ।

## ਰਾਸ਼ਟਰਪਤੀ ਰਾਜ

ਸਥਿਤੀ ਵਿਚ ਤਿਖੇ ਸੁਧਾਰ ਦੇ ਦਾਅਵੇ ਕਰਨ ਤੋਂ ਪਿਛੋਂ, ਸਰਕਾਰ ਰਾਸ਼ਟਰਪਤੀ ਰਾਜ ਨੂੰ ਹੋਰ ਛੇ ਮਹੀਨੇ ਲਈ ਵਧਾਉਣ ਵਾਸਤੇ ਅਗੇ ਆ ਗਈ ਹੈ। ਰਾਸ਼ਟਰਪਤੀ ਨੂੰ ਆਪਣੀ ਰਿਪੋਰਟ ਵਿਚ ਗਵਰਨਰ ਸ੍ਰੀ ਐਸ. ਐਸ. ਰੇਅ ਨੇ ਕਿਹਾ ਦਸਿਆ ਜਾਂਦਾ ਹੈ ਕਿ ਅੱਜ ਪੰਜਾਬ ਵਿਚ ਸਾਰੀਆਂ ਰਾਜਨੀਤਕ ਪਾਰਟੀਆਂ ਬੇਅਰਥ ਹੋ ਕੇ ਰਹਿ ਗਈਆਂ ਹਨ ਅਤੇ ਪਰਚਲਤ ਸਥਿਤੀ ਵਿਚ ਕੋਈ ਸਥਿਰ ਸਰਕਾਰ ਨਹੀਂ ਬਣਾਈ ਜਾ ਸਕਦੀ। ਉਸ ਨੇ ਖਤਰਨਾਕ ਦਹਿਸ਼ਤਗਰਦਾਂ ਨਾਲ ਨਿਪਟਣ ਵਿਚ ਆਪਣੇ ਪ੍ਰਸ਼ਾਸ਼ਨ ਵਲੋਂ ਕੀਤੀਆਂ ਨੋਟਕਰਨ ਯੋਗ ਪ੍ਰਾਪਤੀਆਂ ਦਾ ਵੀ ਜ਼ਿਕਰ ਕੀਤਾ ਹੈ। ਇਸ ਦੇ ਨਾਲ ਹੀ ਉਸਨੇ ਕਿਹਾ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਪਹਿਲੀ ਵਾਰ ਪੰਚਾਇਤ ਚੋਣਾਂ ਕਰਾਉਣ ਦੀ ਸ਼ਕਲ ਵਿਚ ਧੁਰ ਹੇਠਲੇ ਪੱਧਰ 'ਤੇ ਜਮਹੂਰੀ ਪ੍ਰਕਿਆ ਅਰੰਭੀ ਗਈ ਹੈ ਅਤੇ ਪੁਰਅਮਨ ਚੋਣਾਂ ਕਰਵਾਉਣ ਲਈ ਮੌਜੂਦਾ ਢਾਂਚੇ ਵਿਚ ਕੋਈ ਤਬਦੀਲੀ ਲਾਭਕਾਰੀ ਨਹੀਂ ਹੋਵੇਗੀ। ਇਹ ਰਾਜਨੀਤਕ ਵਿਗਿਆਨ ਦੇ ਸਿਧਾਂਤ ਨਵਾਂ ਯੋਗਦਾਨ ਹੀ ਕਿਹਾ ਜਾ ਸਕਦਾ ਹੈ। ਉਹ ਬੜੀ ਢੀਠਤਾਈ ਨਾਲ ਦਲੀਲ ਦਿੰਦਾ ਹੈ ਕਿ ਰਾਜਨੀਤਕ ਪਾਰਟੀਆਂ ਜਿਹ-ੜੀਆਂ ਦਹਿਸ਼ਤਗਰਦ ਹਿੰਸਾ ਦਾ ਵਾਰ ਝਲ

## ਮੁੱਖ ਨਾਹਰਾ

ਇਹ ਯਾਦ ਰਖਣਾ ਜ਼ਰੂਰੀ ਹੈ ਕਿ ਪਿਛਲੀਆਂ ਪਾਰਲੀਮਾਨੀ ਚੋਣਾਂ ਦੌਰਾਨ, ਪਰਮੁੱਖ ਨਾਹਰਾ ਜਿਸ 'ਤੇ ਚੋਣਾਂ ਲੜੀਆਂ ਗਈਆਂ ਸਨ ਸਮੁੱਚੀ ਅਪੋਜੀਸ਼ਨ ਉਪਰ ਅਨੰਦਪੁਰ ਸਾਹਿਬ ਮਤੇ ਦੀ ਹਮਾਇਤੀ ਹੋਣ ਦੀ ਤੁਹਮਤ ਉਪਰ ਅਤੇ ਰਾਜੀਵ ਗਾਂਧੀ ਨੂੰ ਰਾਸ਼ਟਰੀ ਏਕਤਾ ਦੇ ਰਾਖੇ ਵਜੋਂ ਪੇਸ਼ ਕਰਨ ਉਪਰ ਅਧਾਰਤ ਸੀ ਐਪਰ ਰਾਜੀਵ-ਲੌਂਗੋਵਾਲ ਸਮਝੌਤੇ ਤੋਂ ਬਾਅਦ ਪ੍ਰਧਾਨ ਮੰਤਰੀ ਖੁਦ ਅਨੰਦਪੁਰ ਸਾਹਿਬ ਮਤੇ ਨੂੰ ਗੌਰ ਵਾਸਤੇ ਸਰਕਾਰੀਆ ਕਮਿਸ਼ਨ ਦੇ ਸਪੁਰਦ ਕਰਨ ਲਈ ਸਹਿਮਤ ਹੋ ਗਿਆ ਸੀ। ਤਾਂ ਫਿਰ ਇਹ ਮੁਦਾ, ਖਾਸ ਕਰ ਉਸ ਸਮੇਂ ਜਦੋਂ ਅਕਾਲੀਆਂ ਦੇ ਪਰਮੁਖ ਗਰੁਪਾਂ ਨੇ ਖੁਲ੍ਹੇ ਤੌਰ 'ਤੇ ਖਾਲਿਸਤਾਨ ਅਤੇ ਵੱਖਵਾਦ ਦੀ ਨਿਖੇਧੀ ਕਰ ਦਿਤੀ ਹੈ, ਕਿਉਂ ਕੇਂਦਰੀ ਨੁਕਤਾ ਬਣਾਇਆ ਜਾ ਰਿਹਾ ਹੈ। ਉਹਨਾਂ ਨੇ ਅੱਤਵਾਦ ਤੇ ਦਹਿਸ਼ਤਗਰਦੀ ਦੀ ਨਿਖੇਧੀ ਕੀਤੀ ਹੈ। ਮੈਂ ਇਥੇ ਅਨੰਦਪੁਰ ਸਾਹਿਬ ਮਤੇ ਦੇ ਭਿੰਨ ਭਿੰਨ ਰੂਪਾਂ ਦੀ ਚੀਰਫਾੜ ਨਹੀਂ ਕਰ ਰਿਹਾ। ਮੈਂ ਕੇਵਲ ਇਸ ਗਲ 'ਤੇ ਜ਼ੋਰ ਦੇਣ ਦਾ ਯਤਨ ਕਰ ਰਿਹਾ ਹਾਂ ਕਿ ਜਦੋਂ ਖੁਦ ਸਰਕਾਰ ਅਨੁਸਾਰ ਸਥਿਤੀ ਨਰਮ ਹੋ ਗਈ ਹੈ। ਫਿਰ ਅਜੇਹਾ ਹਊਆ ਦੁਵਾਰਾ ਕਿਉਂ ਖੜਾ ਕੀਤਾ ਜਾਵੇ, ਖਾਸ ਕਰ ਉਸ ਸਮੇਂ ਜਦੋਂ ਸਮੁਚਾ ਦੇਸ਼ ਖਾਲਿਸਤਾਨ ਵਿਰੁਧ ਇਕਮੁਠ ਹੈ ਅਤੇ ਵੱਖਵਾਦ ਲਈ ਹਰ ਹਰਕਤ ਦੇ ਵਿਰੁਧ ਹੈ।

ਦੂਸਰਾ ਖਤਰਾ ਜਾਪਦਾ ਹੈ ਪੁਰਾਣੀ ਪਾੜੋ ਤੇ ਰਾਜ ਕਰੋ ਦੀ ਖੇਡ ਨੂੰ ਜਾਰੀ ਰਖਣ ਦਾ ਹੈ। ਇਹ ਤੱਥ ਝੁਠਲਾਇਆ ਨਹੀਂ ਜਾ ਸਕਦਾ ਕਿ ਭਿੰਡਰਾਂਵਾਲਾ ਕਾਂਗਰਸ (ਆਈ) ਦੀ ਪੈਦਾਵਾਰ ਸੀ ਜਿਸ ਨੇ ਵਧੇਰੇ ਬੁਨਿਆਦਪ੍ਰਸਤ ਨਾਹਰਿਆਂ ਦੇ ਪੜਦੇ ਹੇਠ ਅਕਾਲੀਆਂ ਦੇ ਮੁਤਬਾਦਲ ਲੀਡਰਸ਼ਿਪ ਉਸਾਰਨ ਦੀ ਕੋਸ਼ਿਸ਼ ਕੀਤੀ ਸੀ। ਫਿਰ ਅਪਰੇਸ਼ਨ 'ਕਾਲੀ ਗਰਜ' ਤੋਂ ਪਹਿਲਾਂ ਇਹ ਭਾਰਤ ਸਰਕਾਰ ਸੀ ਜਿਸ ਨੇ ਅਚਨਚੇਤ ਹੀ ਜਸਬੀਰ ਸਿੰਘ ਰੋਡੇ ਅਤੇ ਤਿੰਨ ਦੂਸਰੇ ਮੁੱਖ ਗਰੰਥੀਆਂ ਨੂੰ ਰਿਹਾਅ ਕਰ ਦਿਤਾ ਜਿਹਨਾਂ ਨੇ ਹਰਮੰਦਰ ਸਾਹਿਬ ਦੇ ਵਿਚੋਂ ਖਾਲਿਸਤਾਨ ਦਾ ਐਲਾਨ ਕੀਤਾ ਸੀ। ਉਹ ਵੀ ਉਹਨਾਂ ਤੋਂ ਖਾਲਿਸਤਾਨ ਦੀ ਨਿਖੇਧੀ ਦਾ ਕੋਈ ਖੁਲਾ ਐਲਾਨ ਕਰਵਾਏ ਤੋਂ ਬਗੈਰ ਹੀ। ਇਸ ਪਿਛੋਂ, ਹੁਣ ਗਵਰਨਰ ਢੀਠਤਾਈ ਨਾਲ ਇਹ ਕਹਿ ਰਿਹਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਕੇਵਲ ਤਦ ਹੀ ਰਿਹਾ ਕੀਤਾ ਜਾਵੇਗਾ ਜੇ ਉਹ ਪਹਿਲਾਂ ਵਖਵਾਦ ਦੇ ਨਾਹਰੇ ਅਤੇ ਅਤਵਾਦ ਤੋਂ ਨਿਖੇੜਾ ਕਰਨ ਦਾ ਐਲਾਨ ਕਰੇ। ਹਰ ਕੋਈ ਜਾਣਦਾ ਹੈ ਕਿ ਬਾਦਲ, ਉਸਦੀ ਹੋਰ ਕਮਜੋਰੀਆਂ ਕੁਝ ਵੀ ਹੋਣ, ਕਿਸੇ ਵੀ ਤਰਾਂ ਵਖਵਾਦੀ ਨਹੀਂ ਹੈ। ਜਦ ਕਿ ਰੋਡੇ ਅਤੇ ਉਸ ਦੇ ਸਹਿਯੋਗੀਆਂ ਨੇ ਖੁਲ੍ਹੇਆਮ ਵਖਵਾਦ ਦਾ ਪ੍ਰਚਾਰ ਕੀਤਾ ਸੀ ਭਾਰਤ ਸਰਕਾਰ ਉਹਨਾਂ ਨਾਲ ਸੌਦਾ ਮਾਰਨਾ ਚਾਹੁੰਦੀ ਸੀ ਅਤੇ ਉਹਨਾਂ ਨੂੰ ਦਮਦਮੀ ਟਕਸਾਲ ਦੀ ਹਮਾਇਤ ਨਾਲ ਰਾਜਨੀਤਕ ਸ਼ਕਤੀ ਵਜੋਂ ਉਭਰਨ ਲਈ ਠਮਣਾ ਦਿਤਾ ਹੈ ਤਾਂ ਕਿ ਪਹਿਲਾਂ ਐਸ. ਜੀ. ਪੀ. ਸੀ. ਤੇ ਕਬਜਾ ਕਰ ਲਿਆ ਜਾਵੇ ਅਤੇ ਫਿਰ ਰਾਜ ਵਿਚ ਸਤਾ ਉਪਰ ਕਬਜ਼ਾ ਕਰ ਲਿਆ ਜਾਵੇ। ਪਰ ਚੰਗੀ ਕਿਸਮਤ ਨੂੰ, ਇਹ ਚਾਲ ਸਫਲ ਨਹੀਂ ਹੋਈ ਕਿਉਂਕਿ ਸਰਕਾਰ ਅਤੇ ਰੋਡੇ ਗਰੁਪ ਦੋਵੇਂ ਹੀ ਲੋਕਾਂ ਸਾਹਮਣੇ ਬੇਨਕਾਬ ਹੋ ਗਏ।

ਹੁਣ ਫਿਰ ਜਦੋਂ ਸਮੂਹ ਅਕਾਲੀ ਗਰੁਪਾਂ ਵਿਚ ਵਖਵਾਦ ਦੇ ਵਿਰੋਧ ਦੇ ਅਧਾਰ 'ਤੇ ਏਕਤਾ ਲਈ ਯਤਨ ਹੋ ਰਹੇ ਹਨ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਤੇ ਅਧਾਰਤ ਨਵੀਂ ਰਾਜਨੀਤਕ ਪਾਰਟੀ ਕਾਇਮ ਕਰਨ ਲਈ ਚਾਲਾਂ ਚਲੀਆਂ ਜਾ ਰਹੀਆਂ ਹਨ। ਇਹ ਕੋਈ ਅਸੰਭਵ ਗਲ ਨਹੀਂ ਕਿ ਇਸ ਚਾਲ ਪਿਛੇ ਵੀ ਕੇਂਦਰ ਸਰਕਾਰ ਦਾ ਹੱਥ ਹੋਵੇ। ਕਿਉਂਕਿ, ਜੋਧਪੁਰ ਦੇ ਨਜ਼ਰਬੰਦਾਂ ਦੀ ਰਿਹਾਈ ਸਮੇਂ ਮਨਜੀਤ ਸਿੰਘ ਅਤੇ ਸੰਧੂ ਨਾਲ ਗਲਾਂ-ਬਾਤਾਂ ਚਲ ਰਹੀਆਂ ਸਨ ਅਤੇ ਉਹਨਾਂ ਦੀ ਰਿਹਾਈ ਵੀ ਏਜੰਡੇ ਤੇ ਸੀ। ਉਹ ਅਜੇ ਵੀ ਵਖਵਾਦ ਅਤੇ ਧਾਰਮਿਕ ਬੁਨਿਆਦ-ਪ੍ਰਸਤੀ ਦੀ ਵਕਾਲਤ ਕਰ ਰਹੇ ਹਨ ਅਤੇ ਉਹਨਾਂ ਨੇ ਐਲਾਨ ਕੀਤਾ ਹੈ ਕਿ ਉਹਨਾਂ ਦੀ ਪਾਰਟੀ ਭਿੰਡਰਾਂਵਾਲਾ ਦੀ ਵਿਚਾਰ-ਧਾਰਾ ਤੋਂ ਅਗਵਾਈ ਲਵੇਗੀ। ਜਦ ਕਿ ਗ੍ਰਹਿ ਮੰਤਰੀ ਬੂਟਾ ਸਿੰਘ ਵਲੋਂ ਅਤੇ ਦੂਸਰੇ ਹੋਰ ਸਰਕਾਰੀ ਬੁਲਾਰਿਆਂ ਵਲੋਂ ਅਕਾਲੀਆਂ ਦੀ ਬੜੀ ਅਲੋਚਨਾ ਕੀਤੀ ਗਈ ਹੈ, ਦਮਦਮੀ ਟਕਸਾਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਰੁਧ ਇਕ ਵੀ ਸ਼ਬਦ ਮੂੰਹੋਂ ਨਹੀਂ ਫੁਟਿਆ ਗਿਆ।

ਜਦੋਂ ਰਾਜੀਵ ਲੌਂਗੋਵਾਲ ਸਮਝੌਤੇ ਤੋਂ ਵਿਸ਼ਾਲ ਹਮਾਇਤ ਮਿਲੀ ਸੀ, ਕਿਉਂਕਿ ਲੋਕਾਂ ਨੇ ਇਹ ਮਹਿਸੂਸ ਕੀਤਾ ਸੀ ਕਿ ਇਹ ਅੱਤਵਾਦੀਆਂ ਨੂੰ ਨਿਖੇੜਨ ਵਿਚ ਸਹਾਈ ਹੋਵੇਗਾ ਅਤੇ ਇਸ ਤਰਾਂ ਪੰਜਾਬ ਵਿਚ ਅਮਨ ਬਹਾਲ ਕਰ ਦੇਵੇਗਾ। ਇਹ ਸਮਝੌਤਾ ਸਮਾਬਧ ਸੀ ਅਤੇ ਸਪਸ਼ਟ ਸੀ। ਸਰਕਾਰ ਨੇ ਇਸ ਨੂੰ ਚਾਰ ਸਾਲ ਕਿਉਂ ਲਾਗੂ ਨਹੀਂ ਕੀਤਾ? ਲੋਕਾਂ ਦੀ ਨਿਗਾ ਵਿਚ ਸਰਕਾਰ ਦੀ ਕੀ ਪ੍ਰਤੀਤ ਰਹਿ ਗਈ ਹੈ? ਗ੍ਰਹਿ ਮੰਤਰੀ ਪਾਰਲੀਮੈਂਟ ਵਿਚ ਇਹ ਝੂਠਾ ਬਿਆਨ ਦੇਣ ਤੋਂ ਵੀ

# ਸੂਰਜ ਕਦੇ ਕਤਲ ਨਹੀਂ ਹੁੰਦੇ

—ਪੂਰਨ ਸਿੰਘ ਫੁੱਲ

ਲਿਖਣ ਤੋਂ ਪਹਿਲਾਂ ਮੇਰੇ ਮਨ ਵਿਚ ਕਈ ਗਲਾਂ ਹਨ : ਇਕ ਬਹੁਤ ਪਵਿਤਰ ਕਾਜ ਲਈ ਲੜ ਰਹੇ ਵਿਅਕਤੀ ਦਾਕਤਲ ਕਰਕੇ ਕੀ ਉਹ ਤਾਕਤਾਂ ਆਪਣੇ ਨਿਸ਼ਾਨੇ ਦੀ ਪੂਰਤੀ ਵਿਚ ਕਾਮਯਾਬ ਹੋ ਜਾਣਗੀਆਂ ਹਨੇਰਿਆਂ ਨੇ ਵੀ ਸੋਚਿਆ ਹੋਵੇਗਾ ਕਿ ਸ਼ਾਇਦ ਸੂਰਜ ਨੂੰ ਸਦਾ ਸਦਾ ਲਈ ਮਿਟਾ ਦੇਣਗੇ। ਸੂਰ ਨੂੰ ਕਤਲ ਕਰਨ ਦੇ ਬੜੇ ਯਤਨ ਹੋਏ। ਪਰ ਇਤਿਹਾਸਕ ਸਚਾਈ ਇਹ ਹੈ ਸਮਾਜ ਦੇ ਵਿਕਾਸ ਅਤੇ ਭਲੇਲਈ ਲੜਨ ਵਾਲੀ ਵਿਚਾਰਧਾਰਾ ਰਖਣ ਵਾਲੇ ਲੋਕ ਸੂਰਜ ਦੀ ਨਿਆਈ ਹਨ। ਜਿਸ ਨੂੰ ਕਦੇ ਕਤਲ ਨਹੀਂ ਕੀਤਾ ਜਾ ਸਕਦਾ। ਹਾਂ ਹਰ ਆਦਮੀ ਨੇ ਇਕ ਸਮਾਂ ਜਿੰਦਗੀ ਜਿਉਣ ਤੋਂ ਬਾਅਦ ਮਰਨਾ ਹੈ। ਪਰ ਜਿਉਣ ਜਿਉਣ ਤ ਮਰਨ ਮਰਨ 'ਚਅੰਤਰ ਹੈ।

ਅੱਜ ਤੋੜੀ ਅਨੇਕਾਂ ਪੁਰਸ਼ ਤੇਔਰਤਾਂ ਇਸ ਧਰਤੀ ਤੇ ਆਏ ਹਨ ਇਕ ਸਮਾਂ ਆਪਣੀ ਜ਼ਿੰਦਗੀ ਜਿਊਣ ਤੋਂ ਬਾਅਦ ਮਰ ਗਏ ਹਨ। ਉਹਨਾਂ ਵਿਚੋਂ ਸਾਰਿਆਂ ਦੇ ਨਾਵਾਂ ਤੋਂ ਇਤਿਹਾਸ ਵਾਕਫ ਨਹੀਂ। ਕੁਝ ਲੋਕਾਂ ਦੇ ਨਾਵਾਂ ਨੂੰ ਇਤਿਹਾਸਕ ਤੌਰ ਤੇ ਸਦੀਆਂ ਬੀਤਣ ਤੋਂ ਬਾਅਦ ਵੀ ਯਾਦ ਕੀਤਾ ਜਾਂਦਾ ਹੈ। ਉਹਨਾਂ ਵਿਚ ਇਕ ਵਿਸ਼ੇਸ਼ਤਾ ਸੀ। ਉਹਨਾਂ ਦੀ ਸਮਾਜਕ ਪ੍ਰਗਤੀ ਦੇ ਲੇਖੇ ਲਗਣ ਦੀ ਦੂਰ ਦਰਸ਼ਤਾ ਸੀ। ਉਹਨਾਂ ਦੀ ਆਪਣੇ ਕਾਜ ਪ੍ਰਤੀ ਦ੍ਰਿੜਤਾ ਸੀ। ਦਲੇਰੀ ਸੀ।ਕੁਰਬਾਨੀ ਕਰਨ ਤੋਂ ਪਿਛੇ ਨਾ ਹਟਣ ਦੀ ਤੀਬਰ ਇਛਾ ਸੀ। ਇਹੋ ਕਾਰਨ ਹੀ ਹੈ ਕਿ ਉਹਨਾਂ ਨੇਆਪਣੀ ਦੂਰ ਦ੍ਰਿਸ਼ਟਤਾ ਨਾਲ ਸਮਾਜਕ ਵਿਕਾਸ ਦੇ ਨੇਮਾਂ ਦੇ ਅਨੁਕੂਲ ਕੰਮ ਕੀਤਾ ਤੇ ਸਮਾਜਕ ਭਲਾਈ ਨੂੰ ਪਹਿਲ ਦਿਤੀ। ਲੋਕਾਂ ਦੇ ਭਲੇ 'ਚ ਕੰਮ ਕੀਤਾ। ਦੇਸ਼ ਲਈ ਜਾਨਾਂ ਵੀ ਵਾਰਨੀਆਂ ਪਈਆਂ ਤਾਂ ਪਿਛੇ ਨਾ ਹਟੇ। ਇਤਿਹਾਸ ਨੇ ਵੀ ਅਜਿਹੇ ਸੂਰਮਿਆਂ ਨੂੰ ਹਮੇਸ਼ਾਂ ਚੇਤੇ ਰਖਿਆ ਹੈ। ਲੋਕਾਂ ਨੇ ਉਹਨਾਂ ਨੂੰ ਬਹੁਤ ਸਤਿਕਾਰਿਆ ਅਤੇ ਆਪਣੇ ਆਗੂਆਂ ਵਲੋਂ ਪੂਜਿਆ।

ਅੱਜ ਜਦੋਂ ਸਾਡਾ ਦੇਸ਼ ਇਕ ਅਹਿਮ ਮੋੜ ਤੇ ਹੈ ਫਿਰਕਾਪ੍ਰਸਤਾਂ, ਦੇਸ਼ ਧਰੋਹੀ ਤਾਕਤਾਂ ਵਲੋਂ ਦੇਸ਼ ਨੂੰ ਬਹੁਤ ਹੀ ਗੰਭੀਰ ਖਤਰਾ ਹੈ। ਦੇਸ਼ ਨੂੰ ਖਤਰਾ ਹੈ ਕਿ ਕਿਤੇ ਟੋਟੇ ਟੋਟੇ ਨਾ ਹੋ ਜਾਵੇ। ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਸਾਡੇ ਵਡੇਰਿਆਂ ਨੂੰ ਬੜੀਆਂ ਕੁਰਬਾਨੀਆਂ ਕਰਨੀਆਂ ਪਈਆਂ ਸਨ। ਕਈਆਂ ਨੇ ਆਪਣੀਆਂ ਚੜ੍ਹਦੀਆਂ ਜਵਾਨੀਆਂ ਜੇਹਲਾਂ ਦੀਆਂ ਸੀਖਾਂ ਪਿਛੇਅੱਤ ਦੀਆਂ ਤੰਗੀਆਂ ਸਹਿੰਦਿਆਂ ਬਤੀਤ ਕੀਤੀਆਂ, ਕਈਆਂ ਦੇ ਘਰਾਂ ਦੀਆਂ ਕੁਰਕੀਆਂ ਹੋਈਆਂ, ਜਾਇਦਾਦਾਂ ਦੀਆਂ ਬਰਬਾਦੀਆਂ ਹੋਈਆਂ ਬੜਾ ਭਾਰੀ ਮੁਲ ਤਾਰਨਾ ਪਿਆ ਸੀ। ਇਸ ਅਜ਼ਾਦੀ ਬਦਲੇ । ਇਹ ਗਲਾਂ 'ਚ ਇਤਿਹਾਸ ਤੋਂ ਵਾਕਫ ਲੋਕ ਹੀ ਜਾਣੂ ਹਨ। ਹਰ ਆਦਮੀ ਨੂੰ ਆਪਣੇ ਇਤਿਹਾਸ ਤੋਂ ਵਾਕਫ ਹੋਣਾ ਵੀ ਜ਼ਰੂਰੀਹੈ।

ਜਿਹੜੇ ਲੋਕ ਆਪਣੇ ਇਤਿਹਾਸ ਦੀ ਅਤੇ ਆਪਣੇ ਦੇਸ਼ ਭਗਤਾਂ ਦੀਆਂ ਅਜ਼ਾਦੀ ਲਈ ਦਿਤੀਆਂ ਕੁਰਬਾਨੀਆਂ ਦੀ ਕਦਰ ਕਰਦੇ ਹਨ। ਜਾਂ ਥੋੜਾ ਜਿਹਨਾ ਵੀ ਦੇਸ਼ ਭਗਤਾਂ ਦੇ ਵਾਰਸ ਹੋਣ ਦਾ ਦਮ ਭਰਦੇ ਹਨ। ਉਹ ਇਸ ਸੋਹਣੇ ਦੇਸ਼ ਨੂੰ ਟੁੱਟਣ ਤੋਂ ਰੋਕਣ ਲਈ ਲੋਕਾਂ ਦੀ ਏਕਤਾ ਲਈ ਹਰ ਕੁਰਬਾਨੀ ਕਰਨਗੇ।

ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਅਨੇਕਾਂ ਸੂਰਮੇ ਇਸ ਕਾਜ ਲਈ ਲੜਦੇ ਸ਼ਹਾਦਤਾਂ ਪਾ ਗਏ ਹਨ। ਇਸੇ ਤਰਾਂ ਹੀ ਸੀ. ਪੀ ਆਈ ਅਤੇ ਹੋਰ ਲੋਕਾਂ ਨੇ ਵੀ ਕੁਰਬਾਨੀਆਂ ਕੀਤੀਆਂ ਹਨ ਅਤੇ ਦੇਸ਼ ਲਈ ਸ਼ਹੀਦ ਦੇਸ਼ ਭਗਤਾਂ ਦੀ ਕਤਾਰ 'ਚ ਵਾਧਾ ਕੀਤਾ।

ਕਾਮਰੇਡ ਦਲੀਪ ਸਿੰਘ ਤੇ ਉਸ ਦੇ ਪ੍ਰੀਵਾਰ ਨੇ ਆਪਣੀਆਂ ਸ਼ਹਾਦਤਾਂ ਵੀ ਮੰਤਵ ਦੀ ਪੂਰਤੀ ਲਈ ਦਿਤੀਆਂ ਹਨ।

20 ਮਈ ਦੀ ਸਵੇਰ ਹੀ ਸੀ ਜਦੋਂ ਰੇਡੀਓ ਤੋਂ ਖਬਰ ਸੁਣਨ ਨੂੰ ਮਿਲੀ ਕਿ ਕਮਿਊਨਿਸਟ ਆਗੂ ਦਲੀਪ ਸਿੰਘ ਨੂੰ ਸਮੇਤ ਪ੍ਰੀਵਾਰ ਅੱਤਵਾਦੀਆਂ ਨੇ ਕਤਲ ਕਰ ਦਿਤਾ। ਸਮਝ ਨਹੀਂ ਆਉਂਦੀ ਕਿ ਕਿਸ ਦਲੀਪ ਸਿੰਘ ਬਾਰੇ ਖਬਰ ਹੈ। ਪਰ ਕੁਝ ਚਿਰਾਂ ਬਾਅਦ ਹੀ ਇਕ ਸਾਥੀ ਨੇ ਆਕੇ ਦਸਿਆ ਕਿ ਦਲੀਪ ਸਿੰਘ ਫਾਜਲ ਵਾਲ ਨੂੰ ਸਮੇਤ ਪ੍ਰੀਵਾਰ ਸ਼ਹੀਦ ਕਰ ਦਿਤਾ ਗਿਆ ਹੈ ਆਏ ਸਾਥੀ ਨੇ ਸਾਰੀ ਗਲ ਕਾਮਰੇਡ ਦਲੀਪ ਸਿੰਘ ਜੋਹਲ ਨੂੰ ਦਸੀ ਸੀ ਕਾਮਰੇਡ ਜੋਹਲ ਨੇ ਮੈਨੂੰ ਦਸਿਆ ਸੀ ਕਿ ਜਿਸ ਦਲੀਪ ਸਿੰਘ ਬਾਰੇ ਖਬਰ ਸੀ ਉਹ ਆਪਣਾ ਦਲੀਪ ਸਿੰਘ ਹੈ ਫਿਰੋਜਪੁਰਵਾਲਾ ਜ਼ਿਲਾ ਕਿਸਾਨ ਸਭਾ ਦਾ ਪ੍ਰਧਾਨ, ਸੂਬਾ ਵਰਕਿੰਗ ਕਮੇਟੀ ਦਾ ਮੈਂਬਰ।ਮੇਰੀਆਂ ਅੱਖਾਂ ਮੂਹਰੇ ਉਹਨਾਂ ਦਾ ਸਾਊ ਚਿਹਰਾ ਆ ਖੜਾ ਹੋਇਆ ਸੀ। 60 ਸਾਲਾਂ ਦਾ ਚਿਟੀ ਦਾਹੜੀ ਵਿਚ ਕੁਝ ਕੁ ਕਾਲੇ ਵਾਲ ਦਰਮਿਆਨਾ ਕੱਦ, ਸੋਚ ਸਮਝ ਕੇ ਗਲ ਕਰਨ ਵਾਲਾ ਕਦੇ ਕਾਹਲਾ ਨਾ ਪੈਣ ਵਾਲਾ, ਬੜਾ ਸੂਝਵਾਨ ਅਤੇ ਕਿਸਾਨੀ ਸਵਾਲਾਂ, ਖਾਸ ਕਰਕੇ ਅਬਾਦਕਾਰਾਂ ਦੇ ਮਸਲਿਆਂ ਬਾਰੇ ਭਰਪੂਰ ਜਾਣਕਾਰੀ ਰੱਖਣ ਵਾਲੇਦਲੀਪ ਸਿੰਘ ਦਾ ਚਿਹਰਾ। ਅਸਲ ਖਬਰ ਪੁਜਦੇ

ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ

ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ



AIR CANADA
BRITISH AIRWAYS
CATHAY PACIFIC

CANADIAN AIRLINES INTERNATIONAL

THAI AIRWAYS INTERNATIONAL

& OTHER MAJO AIRLINES

AUTHORIZED AGENTS FOR

ਘੱਟ ਤੋਂ ਘੱਟ ਕਿਰਾਏ

ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

BAINS TRAVEL SERVICE

6364 Fraser Street, Vancouver, B.C. Ph. 324-2277

935 Marine Drive Capilano Mall, N. Vancouver

1710 Douglas St. Victoria, B.C. Ph. 386-6363

ਸਾਰ ਹੀ ਕਾਮਰੇਡ ਮੋਹਣ ਸਿੰਘ ਜੰਡਿਆਲਾ ਦਲੀਪ ਸਿੰਘ ਜੌਹਲ ਤੇ ਮੈਂ ਉਹਨਾਂ ਦੇ ਪਿੰਡ ਉਹਨਾਂ ਦੇ ਅੰਤਮ ਦਰਸ਼ਨ ਲਈ ਚਲ ਪਏ।

ਰਸਤੇ ਵਿਚ ਉਹਨਾਂ ਦੀ ਜਿੰਦਗੀ ਦੀ ਇਕ ਤਸਵੀਰ ਜਿਹੀ ਮੇਰੇ ਅਗੇ ਹੋ ਗੁਜਰੀ ਦਲੀਪ ਸਿੰਘ ਨਕੋਦਰ ਤਹਿਸੀਲ ਜਿਲਾ ਜਲੰਧਰ 'ਚ ਜੰਮਿਆ ਪਲਿਆ ਸੀ। ਪਾਰਟੀ ਦੀਆਂ ਉਚੀਆਂ ਪੁਜੀਸ਼ਨਾਂ ਤੇ ਰਿਹਾ ਸੀ ਫਿਰ ਫਿਰੋਜਪੁਰ ਜ਼ਿਲੇ 'ਚ ਚੱਕ ਕੰਨੀਆਂ ਵਿਖੇ ਜ਼ਮੀਨ ਲੈਣ ਨਾਲ ਉਥੇ ਪਕੇ ਤੋਰ ਤੇ ਜਾ ਵਸਿਆ ਸੀ। ਪਰ ਉਹਨਾਂ ਦੇ ਨਾਂ ਨਾਲ ਉਹਨਾਂ ਦੇ ਜੱਦੀ ਪਿੰਡ ਫਾਜਲ ਵਾਲ ਦਾ ਨਾਂ ਪਕੇ ਤੋਰ ਤੇ ਜੜਿਆ ਹੋਇਆ ਸੀ। ਚੰਗਾ ਗੁਜਾਰਾ ਚਲਦਾ ਸੀ ਪਰ ਉਹਨਾਂ ਨੇ ਮਿਹਨਤੀ ਜਨਤਾ ਦੀ ਭਲਾਈ ਦੇ ਰਾਹ ਦਾ ਅਤੇ ਮਾਰਕਸਵਾਦ ਲੈਨਿਨਵਾਦ ਦਾ ਕਦੇ ਪੱਲਾ ਨਹੀਂ ਛਡਿਆ।

ਕਾਮਰੇਡ ਦਲੀਪ ਸਿੰਘ ਦਾ ਸਮੁਚਾ ਜੀਵਨ ਬੜਾ ਸੰਘਰਸ਼ ਮਈ ਸੀ। ਗਰੀਬਾਂ ਨਾਲ ਖੜਨਾ ਅਮੀਰਾਂ ਦੇ ਧੱਕੇ ਦਾ ਵਿਰੋਧ ਕਰਨਾ ਉਹਦੇ ਸੁਭਾ ਦਾ ਹਿਸਾ ਬਣ ਚੁਕਾ ਸੀ।

ਜਿਸ ਏਰੀਏ 'ਚ ਉਹ ਰਹਿੰਦਾ ਸੀ ਉਥੇ ਬੜੇ ਬੜੇ ਘਾਗਾਂ ਨੇ ਜ਼ਮੀਨਾਂ ਦੇ ਕਲੇਮ ਅਤੇ ਹੋਰ ਕਈ ਤਰਾਂ ਨਾਲ ਅਫਸਰ ਸ਼ਾਹੀ ਦੀ ਮਿਲੀ ਭੁਗਤ ਨਾਲ ਅਬਾਦਕਾਰਾਂ ਨੂੰ ਉਜਾੜਨ ਲਈ ਲੱਖਾਂ ਯਤਨ ਕੀਤੇ। ਗੁੰਡਿਆਂ ਵਲੋਂ ਗੋਲੀਆਂ ਦੀਆਂ ਧਮਕੀਆਂ ਨਾਲ ਉਜਾੜੇ ਦੇ ਯਤਨ ਹੋਏ। ਕਈ ਵਾਰਾਂ ਤੇ ਕਈ ਥਾਵਾਂ ਤੇ ਗੋਲੀਆਂ ਚਲੀਆਂ ਪਰ ਕਾਮਰੇਡ ਦਲੀਪ ਸਿੰਘ ਛਾਤੀ ਡਾਹਕੇ ਮੁਜਾਰਿਆਂ ਦੇ ਹੱਕ 'ਚ ਖੜਾ ਹੋਇਆ। ਕਦੀ ਨਹੀਂ ਡੋਲਿਆ। ਔਖੀਆਂ ਤੋਂ ਔਖੀਆਂ ਘੜੀਆਂ 'ਚ ਕਨੂੰਨੀ ਅਤੇ ਜਨਤਕ ਸੰਘਰਸ਼ ਦੇ ਰਾਹਾਂ ਤੇ ਅਗਵਾਈ ਕਰਦਾ ਰਿਹਾ।

ਉਹਨਾਂ ਨੇ ਆਪਣੀ ਗਰੈਜੂਏਸ਼ਨ ਕਰਨ ਤੋਂ ਬਾਅਦ ਜਦੋਂ ਤੋਂ ਮਾਰਕਸਵਾਦ ਲੈਨਿਨਵਾਦ ਦਾ ਪੱਲਾ ਫੜਿਆ ਸੀ ਉਦੋਂ ਤੋਂ ਹੀ ਬੜੀ ਅਡੋਲਤਾ ਨਾਲ ਮਿਹਨਤੀ ਜਨਤਾ ਦੇ ਹੱਕਾਂ 'ਚ ਖੜਿਆ ਸੀ। ਹਰ ਮੋਰਚੇ, ਹਰ ਮੁਜਾਹਰੇ 'ਚ ਉਹਨੇ ਵਧ ਚੜ੍ਹ ਕੇ ਕੰਮ ਕੀਤਾ। ਫਿਰੋਜਪੁਰ ਜ਼ਿਲੇ 'ਚ ਕਮਿਊਨਿਸਟ ਲਹਿਰ ਖੜੀ ਕਰਨ ਤੇ ਮਿਹਨਤੀ ਵਰਗ ਦੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਲਗਾਤਾਰ ਮੋਹਰਲੀਆਂ ਸਫਾਂ 'ਚ ਰਿਹਾ। ਇਹੋ ਕਾਰਨ ਸੀ ਕਿ ਉਹ ਜਿਥੇ ਕਿਸਾਨ ਸਭਾ ਦਾ ਜ਼ਿਲਾ ਪ੍ਰਧਾਨ ਸੀ ਉਥੇ ਸੂਬਾ ਵਰਕਿੰਗ ਕਮੇਟੀ ਦਾ ਮੈਂਬਰ ਸੀ ਅਤੇ ਜ਼ਿਲੇ ਦਾ ਉਘਾ ਕਮਿਊਨਿਸਟ ਲੀਡਰ ਸੀ।

ਮੈਨੂੰ ਉਹਨਾਂ ਦੀ ਪਿਛਲੇ ਦਿਨੀਂ ਖੱਮਮ ਕੁਲ ਹਿੰਦ 26ਵੀਂ ਕਿਸਾਨ ਕਾਨਫਰੰਸ ਸਮੇਂ ਕੁਝ ਕੁ ਸੰਗਤ ਕਰਨ ਦਾ ਮੌਕਾ ਮਿਲਿਆ। ਕਿੰਨਾ ਵਧੀਆ ਸੀ ਉਹ ਸਾਥੀ। ਭਾਵੇਂ ਮੈਂ ਉਮਰ 'ਚ ਉਹਨਾਂ ਨਾਲੋਂ ਕਿੰਨਾ ਛੋਟਾ ਸੀ ਅਤੇ ਤਜਰਬੇ ਦੇ ਪੱਖੋਂ ਵੀ। ਪਰ ਉਹਨਾਂ ਦੇ ਵਰਤਾਉ ਤੇ ਮੈਂ ਬਹੁਤ ਹੀ ਕਾਇਲ ਹੋਇਆ। ਆਪਣੇ ਤੋਂ ਛੋਟਿਆਂ ਨੂੰ ਸਿਰਫ ਬੱਚੇ ਹੀ ਨਾ ਸਮਝਣਾ ਸਗੋਂ ਸਾਥੀ ਸਮਝਣਾ ਅਤੇ ਸਾਥੀਆਂ ਵਾਲਾ ਪਿਆਰ ਤੇ ਸਤਿਕਾਰ ਦੇਣਾ। ਉਹਨਾਂ ਦੀ ਇਕ ਵਿਸ਼ੇਸ਼ ਖੂਬੀ ਸੀ।

ਆਪਣੀ ਵਿਚਾਰਧਾਰਾ ਤੇ ਅਟਲਤਾ ਦਾ ਸਬੂਤ ਉਹਨਾਂ ਨੇ ਆਪਣੀ ਅਤੇ ਆਪਣੇ ਪ੍ਰੀਵਾਰ ਦੀ ਅਦੁਤੀ ਸ਼ਹਾਦਤ ਦੇ ਕੇ ਦਿਤਾ। ਇਤਹਾਸ 'ਚ ਬੜੇ ਘਟ ਲੋਕ ਮਿਲਦੇ ਹਨ ਜਿਹਨਾਂ ਨੇ ਆਪਣੀ ਵਿਚਾਰਧਾਰਾ ਤੇ ਆਪਣੇ ਨਿਸ਼ਾਨੇ ਲਈ ਆਪਣੇ ਸਮੁੱਚੇ ਪ੍ਰੀਵਾਰ ਨੂੰ ਆਪਣੇ ਨਾਲ ਤੋਰਿਆ ਹੋਵੇ ਅਤੇ ਉਸ ਕਾਜ ਲਈ ਸ਼ਹਾਦਤਾਂ ਦਾ ਜਜਬਾ ਪੈਦਾ ਕੀਤਾ ਹੋਵੇ। ਅਖੀਰ ਉਹਨਾਂ ਲੋਕਾਂ ਨੇ ਆਪਣੀ ਕਹਿਣੀ ਤੇ ਪੂਰ ਹੋ ਨਿਭਾਇਆ ਹੋਵੇ। ਬਹੁਤ ਘੱਟ ਮਿਸਾਲਾਂ ਹਨ।

ਉਹਨਾਂ ਤੇ ਝੰਡਾ ਪਾਉਣ ਤੋਂ ਬਾਅਦ ਚਿਖਾ ਬਲ ਪਈ ਤਾਂ ਲੋਕ ਆਪਣੇ ਮਹਿਬੂਬ ਆਗੂ ਤੇ ਪ੍ਰੀਵਾਰ ਦੇ ਵਿਛੋੜੇ ਤੇ ਧਾਹਾਂ ਮਾਰ ਮਾਰ ਰੋ ਰਹੇ ਸਨ। ਬੜਾ ਭਾਰੀ ਇਕੱਠ ਸੀ।

ਮੈਂ ਮਨ ਬਣਾਇਆ ਕਿ ਮੌਜੂਦ ਜਿਮੇਂਵਾਰ ਪੁਲਸ ਅਫਸਰ ਨਾਲ ਕਾਤਲਾਂ ਬਾਰੇ ਗਲ ਕੀਤੀ ਜਾਵੇ। ਉਹਨਾਂ ਨਾਲ ਗਲ ਕਰਨ ਤੇ ਉਹਨਾਂ ਦਸਿਆ ਕਿ ਇਹਦੀ ਖਾਲਿਸਤਾਨ ਕਮਾਂਡੋ ਫੋਰਸ ਨੇ ਜਿਮੇਂਵਾਰੀ ਲਈ ਹੈ। ਰੁਕਾ ਵੀ ਦਖਾਇਆ। ਕਾਤਲਾਂ ਬਾਰੇ ਵੀ ਉਹਨਾਂ ਦਸਿਆ 'ਉਹ ਕਾਤਲ ਲੁੱਟਾਂ ਖੋਹਾਂ ਤੇ ਚੋਰੀਆਂ ਕਰਨ ਵਾਲਾ ਗਰੋਹ ਇਸ ਨੂੰ ਪਹਿਲਾਂ ਪੁਲਸ ਨੇ ਫੜ ਕੇ ਤ੍ਰਈ ਖੋਹਾਂ ਬਰਾਮਦ ਵੀ ਕੀਤੀਆਂ ਹਨ। ਆਪਣੇ ਆਪ 'ਚ ਖਾਲਿਸਤਾਨ ਦਾ ਮੁਦਈ ਬਣਿਆ ਫਿਰਦਾ ਹੈ'। ਇਹ ਲੋਕ ਜਿਹੜੇ ਚੋਰੀਆਂ, ਡਾਕੇ, ਖੋਹਾਂ ਅਤੇ ਹੋਰ ਹਰ ਤਰਾਂ ਦੇ ਕੁਕਰਮ ਕਰਦੇ ਹਨ ਅਤੇ ਆਪਣੇ ਆਪ ਨੂੰ ਬੜੇ ਵੱਡੇ ਸਿਖ ਦਸਦੇ ਹਨ। ਦੇਸ਼ ਦੇ ਦੁਸ਼ਮਣਾਂ ਦੇ ਹੱਥੀ ਚੜ੍ਹ ਕੇ ਦੇਸ਼ ਦੇ ਟੁਕੜੇ ਟੁੱਕੜੇ ਕਰਨਾ ਚਾਹੁੰਦੇ ਹਨ। ਆਪਣੇ ਵਿਰੋਧੀਆਂ ਦੇਸ਼ ਭਗਤਾਂ ਨੂੰ ਪੁਲਸ ਦੇ ਮੁਖਬਰ ਦੱਸ ਕੇ ਮਾਰ ਰਹੇ ਹਨ।

ਪਰ ਕਮਿਊਨਿਸਟ ਜਿਹੜੇ ਇਸ ਸਮਾਜ ਨੂੰ ਬਦਲਨਾ ਚਾਹੁੰਦੇ ਹਨ ਉਹਕਦੇ ਮੁਖਬਰ ਨਹੀਂ ਹੋ ਸਕਦੇ। ਉਹਨਾਂ ਦਾ ਕੰਮ ਮਿਹਨਤੀ ਜਨਤਾ ਨੂੰ ਲਾਮਬੰਦ ਕਰਨਾ ਹੈ। ਪਰ ਉਹਨਾਂ ਕਾਲੀਆਂ ਤਾਕਤਾਂ ਨੂੰ ਇਹ ਬੜਾ ਸੌਖਾ ਤੇ ਸਿੱਧਾ ਜਿਹਾ ਕੰਮ ਲੱਭਾ ਹੋਇਆ ਹੈ। ਕਤਲ ਕਰਕੇ ਆਖ ਦਿਓ ਇਹ ਮੁੱਖਬਰ ਸੀ। ਉਹਦੀ ਸਜ਼ਾ ਦਿਤੀ ਹੈ। ਪਰ ਲੋਕ ਜਾਣਦੇ ਹਨ ਘਰਾਂ ਚੋਂ ਜੇ ਮੁਖਬਰੀ ਕੀਤੀ ਵੀ ਹੋਵੇ ਤਾਂ ਉਹ ਇਕ ਵਿਅਕਤੀ ਹੋ ਸਕਦ ਹੈ। ਸਾਰਾ ਪ੍ਰੀਵਾਰ ਤਾਂ ਮੁੱਖਬਰ ਨਹੀਂ। 4 ਸਾਲ ਦੀ ਅਮਨਦੀਪ ਤਾਂ ਮੁੱਖਬਰ ਨਹੀਂ ਜਿਹਨੂੰ ਗੋਲੀ ਮਾਰਕੇ ਜ਼ਖਮੀਂ ਕਰ ਦਿਤਾ ਜੋ ਅਜ ਲਧਿਆਣੇ ਕਿਸੇ ਹਸਪਤਾਲ 'ਚ ਜੇਰੇ ਇਲਾਜ ਹੈ। 19 ਸਾਲ ਦੀ ਜਸਵਿੰਦਰ ਲੜਕੀ ਤਾਂ ਮੁੱਖਬਰ ਨਹੀਂ। ਜਿਸ ਦੇ ਸਰੀਰ ਨੂੰ ਗੋਲੀਆਂ ਮਾਰ ਕੇ ਛਲਣੀ ਕਰ ਦਿਤਾ

(ਬਾਕੀ ਸਫਾ 14 ਤੇ)


■ ਸਪੈਸ਼ਲ **GABA TRAVELS (1982) LTD.** ■ ਸਪੈਸ਼ਲ ■

6612 MAIN ST., VANCOUVER, B.C. V5X 3H2

**Tel. (604) 324-3336**



KLM

**AUTHORIZED AGENTS FOR AIR INDIA**

**AND NOW WE ARE AUTHORISED**

**K.L.M.** (ROYAL DUTCH AIRLINES)

SPECIAL FARE TO: Delhi, Karachi, Colombo, Singapore, London, Amsterdam

ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।

**ਗੁਰੂ ਨਾਨਕ ਟਰੈਵਲ**

ਨਿਊ ਸੋਢੀ ਨਗਰ, ਮੋਗਾ,

ਫੋਨ 2161, 35 32

TOLL FREE NO.
B. C. & ALBERTA
1—800 663 6696

ASSOCIATED OFFICES IN INDIA:

| | | |
|---|---|---|
| **GABA TRAVELS** | **GABA TRAVELS** | **GABA TRAVELS** |
| (Opposit Friends Theatre) | V.P.O. NURMAHAL | NEW DELHI |
| JALLANDHAR CITY | JALLANDHAR | |
| TEL. 74597 | TEL. 49 | |

# ਫਿਰਕੂ ਫਸਾਦਾਂ ਵਿਚ ਝੁਲਸ ਰਿਹਾ ਲਿਬਨਾਨ।

ਬੇਰੂਤ ਜਿਥੇ 14 ਵਰ੍ਹੇ ਪਹਿਲਾਂ ਲਿਬਨਾਨ ਦੀ ਰਾਜਧਾਨੀ ਨੂੰ ਕੌਮਾਂਤਰੀ ਸਮਗਲਿੰਗ ਦਾ ਹੈਡਕੁਆਟਰ, ਕੌਮਾਂਤਰੀ ਵਿਉਪਾਰ ਦਾ ਮੁੱਖ ਕੇਂਦਰ, ਯੂਰਪ ਤੇ ਏਸ਼ੀਆ ਦਾ ਸੁਮੇਲ ਅਤੇ ਭੰਗੜੇ ਪਾਉਂਦੀਆਂ ਫਰਾਂਸੀਸੀ ਤਰਜ ਦੀਆਂ ਹੁਸੀਨਾਂ ਦਾ ਸ਼ਹਿਰ ਕਿਹਾ ਜਾਂਦਾ ਸੀ, ਉਹ ਅਜ ਫਿਰਕੂ ਫਸਾਦਾਂ ਵਿਚ ਝੁਲਸ ਰਿਹਾ ਹੈ। ਫਿਰਕਾਦਾਰੀ ਦੀ ਇਹ ਚੰਗਿਆੜੀ ਇਸ ਯੁਗ ਵਸਦੇ ਦੇਸ਼ ਵਿਚ ਕਿਸਨੇ ਅਤੇ ਕਿਉਂ ਸੁੱਟੀ? ਆਉ ਇਸ ਦੀ ਤਹਿ ਵਿਚ ਜਾਈਏ। ਸੀਰੀਆ, ਇਸਰਾਈਲ ਅਤੇ ਫਲਸਤੀਨ ਦੇ ਵਿਚ ਘਿਰਿਆ ਇਹ ਦੇਸ਼ ਦੁਨੀਆਂ ਦੇ ਪ੍ਰਾਚੀਨ ਦੇਸ਼ਾਂ ਵਿਚੋਂ ਹੈ। ਤਿੰਨ ਹਜ਼ਾਰ ਵਰ੍ਹੇ ਪਹਿਲਾਂ ਇਸਨੂੰ ਫਿਨੀਸ਼ੀਆ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਸ ਦਾ ਖੇਤਰਫਲ 10400 ਵਰਗ ਕਿਲੋਮੀਟਰ ਅਤੇ ਜੰਨ ਸੰਖਿਆ 28 ਲੱਖ ਹੈ, ਜੋ ਭਾਰਤ ਦੇ ਕਿਸੇ ਇਕ ਮਹਾਂਨਗਰ ਤੋਂ ਵੀ ਘੱਟ ਹੈ।

ਮੱਧ ਸਾਗਰ ਦੇ ਪੂਰਬੀ ਕੰਢੇ ਤੇ ਵਸੇ ਇਸ ਦੇਸ਼ ਦੇ ਸਮੁੰਦਰੀ ਕਿਨਾਰੇ ਦਾ ਵਿਸਥਾਰ 210 ਕਿਲੋਮੀਟਰ ਹੈ। ਇਹ ਦੇਸ਼ ਸ਼ੁਰੂ ਤੋਂ ਖੁਸ਼ਹਾਲ ਹੈ ਜਿਸ ਦੀ ਪ੍ਰਤੀ ਵਿਅਕਤੀ ਔਸਤ ਆਮਦਨੀ 3350 ਰੁਪਏ ਹੈ। ਸਮੁੰਦਰੀ ਬੰਦਰਗਾਹ, ਪਹਾੜਾਂ ਦੀਆਂ ਲੜੀਆਂ ਅਤੇ ਉਹਨਾਂ ਨਾਲ ਲਗੀ ਬੇਕਾ ਘਾਟੀ, ਇਹਨਾਂ ਪਹਾੜੀ ਲੜੀਆਂ ਤੇ ਘਾਟੀਆਂ ਦੇ ਆਂਚਲ ਤੋਂ ਅੰਗੂਰ, ਮੁਸੰਮੀ, ਨਾਰੰਗੀ, ਮਾਲਟਾ, ਨੀਂਬੂ, ਅਨੇਕਾਂ ਪ੍ਰਕਾਰ ਦੇ ਫਲਾਂ, ਬਨਸਪਤੀ, ਤੰਬਾਕੂ ਅਤੇ ਜੈਤੂਨ ਦੀ ਪੈਦਾਵਾਰ ਅਤੇ ਹੇਠਾਂ ਧਰਤੀ ਵਿਚ ਕਚੇ ਲੋਹੇ ਦਾ ਭੰਡਾਰ ਕੱਪੜਾ, ਇਮਾਰਤੀ ਸਮਾਨ, ਡਬਾਬੰਦ ਖੁਰਾਕੀ ਵਸਤੂਆਂ ਅਤੇ ਤੇਲ ਸਾਫ ਕਰਨ ਦੇ ਕਾਰਖਾਨੇ ਹੀ ਇਸਦੀ ਖੁਸ਼ਹਾਲੀ ਦਾ ਕਾਰਨ ਹਨ।

## ਅਰਬਾਂ ਦਾ ਸਿੱਖਿਆ ਕੇਂਦਰ

ਬੇਰੂਤ ਇਕ ਪ੍ਰਮੁੱਖ ਸਿਖਿਆ ਕੇਂਦ੍ਰ ਹੋਣ ਨਾਲ ਇਸ ਦੀ ਮਹੱਤਤਾ ਕੇਵਲ ਲਿਬਨਾਨ ਵਿਚ ਹੀ ਨਹੀਂ ਸਗੋਂ ਸਾਰੇ ਅਰਬ ਮੁਲਕਾਂ ਵਿਚ ਹੈ। ਅਰਬ ਦੇਸ਼ਾਂ ਦੇ ਵਿਦਿਆਰਥੀ ਬੇਰੂਤ ਦੀ ਲੇਬਨੀਚ ਯੂਨੀਵਰਸਿਟੀ ਵਿਚ ਸਿਖਿਆ ਹਾਸਲ ਕਰਕੇ ਫਖਰ ਮਹਿਸੂਸ ਕਰਦੇ ਹਨ। ਏਥੇ ਪ੍ਰਕਾਸ਼ਤ ਹੋਣ ਵਾਲੀਆਂ ਅਰਬੀ, ਅੰਗਰੇਜੀ ਤੇ ਫਰੈਂਚ ਪੁਸਤਕਾਂ ਅਤੇ ਪਤਰ ਪਤਰਕਾਵਾਂ ਸਾਰੇ ਅਰਬ ਮੁਲਕਾਂ ਵਿਚ ਜਾਂਦੀਆਂ ਹਨ।

## ਸਤ ਹਜਾਰ ਵਰ੍ਹੇ ਪੁਰਾਣਾ ਇਤਿਹਾਸ

ਬੇਰੂਤ ਤੋਂ ਇਲਾਵਾ ਟਾਯਰ, ਸਿਡੋਨ, ਬੱਟ, ਏਡੀਨ, ਅੰਜਾਰ, ਬਾਈਬੋਨਸ, ਬਾਲਬੇਕ, ਤਰੀਪੋਲੀ ਆਦਿ ਦੀ ਵਿਸ਼ੇਸ਼ ਇਤਿਹਾਸਕ ਅਤੇ ਕਲਚਰਲ ਮਹੱਤਤਾ ਹੈ। ਇਹਨਾਂ ਸ਼ਹਿਰਾਂ ਦੇ ਮੰਦਿਰ ਗਿਰਜੇ, ਮਸਜਿਦ ਅਤੇ ਉਹਨਾਂ ਦੀ ਉਸਾਰੂ ਕਲਾ ਸਤ ਹਜਾਰ ਵਰ੍ਹੇ ਪੁਰਾਣੇ ਇਤਿਹਾਸ ਨੂੰ ਦਬੀ ਬੈਠੀ ਹੈ। ਬਾਲਬੇਕਾ ਦਾ ਹੇਲਿਓਪੈਲਿਸ ਸਥਿਤ ਮੰਦਰ ਸੰਸਾਰ ਦੀ ਇਕ ਅਨੋਖੀ ਅਸਚਰਜਕਤਾ ਹੈ।

ਇਸ ਦੇਸ਼ ਤੇ ਈਸਾ ਤੋਂ ਅਠ ਸਦੀਆਂ ਪਹਿਲਾਂ ਅਮੀਰੀਆ, ਬਰਜ਼ੀਲੋਨੀਆ, ਅਤੇ ਫਰਾਂਸ ਦੇ ਹਾਕਮਾਂ ਨੇ ਅਧਿਕਾਰ ਜਮਾਇਆ। ਫੇਰ ਸਿਕੰਦਰ ਨੇ ਅਤੇ ਬਾਅਦ ਵਿਚ ਰੋਮ ਸਾਮਰਾਜ ਨੇ ਕਬਜ਼ਾ ਕੀਤਾ। ਅਖੀਰ 1516 ਵਿਚ ਤੁਰਕਾਂ ਨੇ ਕਬਜ਼ਾ ਕਰ ਲਿਆ। ਏਹੀ ਕਾਰਣ ਹੈ ਕਿ ਉਥੇ ਪਹਿਲਾਂ ਈਸਾਈ ਅਤੇ ਬਾਅਦ ਵਿਚ ਇਸਲਾਮ ਧਰਮ ਪੈਦਾ ਹੋਇਆ।

## ਘਰੇਲੂ ਜੰਗ ਦਾ ਆਰੰਭ

ਤੁਰਕਾਂ ਦੇ ਕਬਜ਼ਾ ਕਰਨ ਦੀ ਦੇਰ ਸੀ ਕਿ ਉਹਨਾਂ ਨੇ ਲਿਬਨਾਨ ਨੂੰ ਫਿਰਕੂ ਬਿਨਾ ਤੇ ਪਹਾੜੀ ਅਤੇ ਮੈਦਾਨੀ ਦੋਹਾਂ ਇਲਾਕਿਆਂ ਵਿਚ ਵੰਡ ਦਿਤਾ। ਜਿਸ ਕਾਰਨ 1842 ਵਿਚ ਘਰੇਲੂ ਜੰਗ ਅਰੰਭ ਹੋ ਗਈ। ਅਖੀਰ ਯੂਰਪ ਦੇ ਸਤ ਦੇਸ਼ਾਂ ਨੇ ਇਸ ਦੀ ਸਾਂਝੀ ਰਾਖੀ ਆਰੰਭੀ ਜੋ 1914 ਤਕ ਕਾਇਮ ਰਹੀ।

ਇਸ ਤੋਂ ਬਾਦ ਦੂਜੀ ਵਡੀ ਜੰਗ ਸਮੇਂ ਇਤਹਾਦੀ ਸਭਾ ਨੇ ਲਿਬਨਾਨ ਦੇ ਪ੍ਰਬੰਧਕ ਅਧਿਕਾਰ ਫਰਾਂਸ ਨੂੰ ਦੇ ਦਿਤੇ। ਜਿਸ ਨੇ 1943 ਵਿਚ ਇਸ ਨੂੰ ਆਜ਼ਾਦ ਕਰ ਦਿਤਾ, ਜਿਸ ਕਾਰਣ ਪਾਰਲੀਮਾਨੀ ਲੋਕ ਜਮਹੂਰੀਅਤ ਦੀ ਸਥਾਪਨਾ ਕਰ ਦਿਤੀ ਗਈ। ਤੇ ਲਿਬਨਾਨ ਕੌਮਾਂਤਰੀ ਮੈਦਾਨ ਵਿਚ ਸਰਗਰਮ ਹੋ ਗਿਆ।

ਪਰ ਮੰਦੇ ਭਾਗਾਂ ਨੂੰ ਲਿਬਨਾਨ ਦਾ ਸੰਵਿਧਾਨ ਫਰਾਂਸੀਸੀ ਅਸਰ ਹੇਠ ਬਣਿਆ ਜਿਸ ਅਨੁਸਾਰ ਲਿਬਨਾਨ ਦਾ ਰਾਸ਼ਟਰਪਤੀ ਈਸਾਈ. ਪਧਾਨ ਮੰਤਰੀ ਸੰਨੀ ਮੁਸਲਮਾਨ ਅਤੇ ਸਪੀਕਰ ਸ਼ੀਆਹ ਮੁਸਲਮਾਨ ਬਣਾਇਆ ਜਾਣਾ ਨੀਯਤ ਕੀਤਾ।

ਸੰਵਿਧਾਨ ਵਿਚ 1932 ਦੀ ਮਰਦਮ ਸ਼ੁਮਾਰੀ ਨੂੰ ਮੁਖ ਰਖਕੇ ਲੋਕ ਸਭਾ ਦੀਆਂ 59 ਸੀਟਾਂ ਈਸਾਈਆਂ ਨੂੰ ਅਤੇ 45 ਮੁਸਲਮਾਨਾਂ ਲਈ ਰਾਖਵੀਆਂ ਕੀਤੀਆਂ ਗਈਆਂ। ਪਰ ਮੁਸਲਮਾਨਾਂ ਵਿਚ ਜੋ ਅਬਾਦੀ ਵਿਚ ਮੁਕਾਬਲੇ ਤੇ ਹਨ ਉਦੋਂ ਤੋਂ ਹੀ ਇਸ ਵਿਰੁਧ ਅਸੰਤੁਸ਼ਟਾ ਪੈਦਾ ਹੋ ਗਈ ਸੀ।

ਸੰਵਿਧਾਨ 'ਚ ਖੁਸ਼ੀਆਂ ਰਿਆਇਤਾਂ ਕਾਰਣ ਮੁਸਲਮਾਨ ਆਮਥਿਕ ਮੈਦਾਨ ਵਿਚ ਤਾਂ ਪਿਛੇ ਰਹਿਣੇ ਹੀ ਸਨ, ਸਗੋਂ ਵਿਦਿਆ ਦੇ ਖੇਤਰ ਵਿਚ ਵੀ ਪਿਛੇ ਰਹਿ ਗਏ। ਸਿਖਿਆ ਦੇ ਮੈਦਾਨ ਦਾ ਇਹ ਹਾਲ ਹੈ ਕਿ ਅਰਬਾਂ ਦਾ ਸਭ ਤੋਂ ਵਡਾ ਸ਼ਬਦਕੋਸ਼ 'ਅਲਮੁਨਜ਼ਿਦ' ਵੀ ਈਸਾਈਆਂ ਨੇ ਹੀ ਤਿਆਰ ਕੀਤਾ ਹੈ। ਜਿਸ ਕਾਰਨ ਅਰਬਾਂ ਦੇ ਸਾਹਿਤ ਅਤੇ ਸਿਖਿਆ ਤੇ ਈਸਾਈਆਂ ਦਾ ਪ੍ਰਭਾਵ ਪਿਆ। ਏਸ ਇਕੋ ਮਿਸਾਲ ਨੇ ਮੁਸਲਮਾਨਾਂ ਵਿਚ ਭਾਰੀ ਨਿਰਾਸਤਾ ਪੈਦਾ ਕਰ ਦਿਤੀ।

ਏਥੇ ਹੀ ਬਸ ਨਹੀਂ 1970 ਤੋਂ ਜਦੋਂ ਦਾ ਈਸਾਈ ਨੇਤਾ ਸੋਲਿਮਨ ਫਰੈਂਜ਼ੀ ਲਿਬਨਾਨ ਦਾ ਰਾਸ਼ਟਰਪਤੀ ਚੁਣਿਆ ਗਿਆ, ਉਸ ਦਿਨ ਤੋਂ ਇਸਲਾਮੀ ਪਛੜੀਆਂ ਜਾਤੀਆਂ ਤੇ ਅਤਿਆਚਾਰ ਕਰਨਾ ਨਿਤ ਦਾ ਕੰਮ ਬਣ ਗਿਆ ਹੈ। ਫਰੈਂਜ਼ੀ ਦੀ ਕੋਸ਼ਿਸ਼ ਈਸਾਈ ਸੰਪਰਦਾਇ-ਵਾਦ ਦੇ ਆਧਾਰ ਤੇ ਵੱਖਰੀ ਹਕੂਮਤ ਕਾਇਮ ਕਰਨ ਦੀ ਰਹੀ ਹੈ। ਇਸੇ ਕਾਰਣ ਹੀ ਅਸੰਤੁਸ਼ਟ ਮੁਸਲਮਾਨ ਫਰੈਂਜ਼ੀ ਦੇ ਕੋਝੇ ਇਰਾਦਿਆਂ ਵਿਰੁਧ ਉਠ ਖੜੇ ਹੋਏ ਤੇ ਇਸ ਨੇ ਲਿਬਨਾਨ ਦੀ ਅਜੋਕੀ ਘਰੇਲੂ ਜੰਗ ਦਾ ਬੀਜ ਬੀਜਿਆ।

ਐਸ ਵੇਲੇ ਇਕ ਪਾਸੇ ਫਰੈਂਜ਼ੀ ਦੀ ਅਗਵਾਈ ਵਿਚ ਸੱਜੇ ਪੱਖੀ ਈਸਾਈ ਅਤੇ ਦੂਜੇ ਪਾਸੇ ਮਰਹੂਮ ਕਮਾਲ ਜੁੰਬਲਾਟ, ਜਿਸ ਨੂੰ ਮੁਸਲਮਾਨਾਂ ਨਾਲੋ ਨਾਲ ਲਿਬਨਾਨ ਵਿਚ ਵਸੇ 3 ਲਖ 20 ਹਜ਼ਾਰ ਫਲਸਤੀਨੀਆਂ ਦੀ ਵੀ ਹਮਾਇਤ ਹਾਸਲ ਹੈ, ਘਰੇਲੂ ਜੰਗ ਵਿਚ ਸਰਗਰਮ ਹਨ।

## ਮੁਸਲਮਾਨਾਂ ਦਾ ਜਵਾਬੀ ਹਮਲਾ

ਲਿਬਨਾਨ ਦੀ ਏਸ ਘਰੇਲੂ ਜੰਗ ਦਾ ਆਰੰਭ ਤਦ ਹੋਇਆ. ਜਦੋਂ ਮੁਸਲਮਾਨਾਂ ਨੇ ਫਰੈਂਜ਼ੀ ਨੂੰ ਰਾਸ਼ਟਰਪਤੀ ਪਦ ਤਿਆਗਣ ਅਤੇ ਲੋਕ ਸਭਾ ਦਾ ਸਮਾਗਮ ਬੁਲਵਾਕੇ ਸੰਵਿਧਾਨ ਵਿਚ ਤਬਦੀਲੀ ਕਰਨ ਦੀ ਮੰਗ ਕੀਤੀ। ਲਿਬਨਾਨ ਦੇ ਕੁਝ ਅਗਾਂਹ-ਵਧੂ ਈਸਾਈਆਂ ਨੇ ਵੀ ਇਸ ਦੀ ਹਮਾਇਤ ਕੀਤੀ ਪਰ ਫਰੈਂਜ਼ੀ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ। ਨਤੀਜੇ ਵਜੋਂ ਮੁਸਲਮਾਨਾਂ ਵਿਚ ਰੋਸ ਫੈਲ ਗਿਆ। ਈਸਾਈਆਂ ਅਤੇ ਮੁਸਲਮਾਨਾਂ ਵਿਚ ਖਿਚਾਅ ਵਧਣ ਲਗਾ, ਜਿਸ ਕਾਰਨ ਖੁਲ੍ਹਾ ਖੂਨ ਖਰਾਬਾ ਆਰੰਭ ਹੋ ਗਿਆ।

ਜੁੰਬਲਾਟ ਸਮੇਤ ਉਸ ਦੇ ਸਾਥੀਆਂ ਨੇ ਬੰਬਾਰੀ ਕਰਕੇ ਫਰੈਂਜੀ ਨੂੰ ਰਾਜਧਾਨੀ ਬੈਰੂਤ ਤੋਂ ਹੱਟਣ ਲਈ ਮਜਬੂਰ ਕਰ ਦਿਤਾ। ਨਤੀਜੇ ਵਜੋਂ ਇਲੀਆਸ ਸਾਰਕਸ ਜੋ ਰਾਸ਼ਟਰਪਤੀ ਦੀ ਚੋਣ ਵਿਚ ਫਰੈਂਜੀ ਤੋਂ ਥੋੜਿਆਂ ਹੀ ਵੋਟਾਂ ਨਾਲ ਹਾਰਿਆ ਸੀ. ਨੂੰ ਆਰਜ਼ੀ ਰਾਸ਼ਟਰਪਤੀ ਨਾਮਜ਼ਦ ਕੀਤਾ ਗਿਆ, ਪਰ ਉਸਨੂੰ ਵੀ ਜੁੰਬਲਾਟ ਤੇ ਉਹਨਾਂ ਦੇ ਸਾਥੀਆਂ ਨੇ ਪ੍ਰਵਾਨ ਨਹੀਂ ਕੀਤਾ।

ਇਸ ਪ੍ਰਕਾਰ ਚਾਰ ਮੋਰਚੇ ਕਾਇਮ ਹੋ ਗਏ। ਇਕ ਸਾਬਕ ਲਿਬਨਾਨ ਸਰਕਾਰ ਦਾ, ਦੂਜਾ ਜੁੰਬਲਾਟ ਦਾ, ਤੀਜਾ ਫਰੈਂਜੀ ਦਾ ਅਤੇ ਚੌਥਾ ਖਾਲਸਤਾਨੀ ਆਜ਼ਾਦੀ ਮੋਰਚੇ ਦਾ। ਚਾਰਾਂ ਵਿਚ ਤਾਲਮੇਲ ਕਰਕੇ ਕੋਈ ਗੱਲ ਤੈਅ ਕਰਨੀ ਅਸੰਭਵ ਹੋ ਗਈ।

ਲਿਬਨਾਨ ਦੇ ਇਕ ਪਾਸੇ ਇਸਰਾਈਲ ਅਤੇ ਦੂਜੇ ਪਾਸੇ ਸੀਰੀਆ ਹੈ। ਭਿਆਨਕ ਘਰੇਲੂ ਜੰਗ ਦੀ ਹਾਲਤ ਵਿਚ ਉਥੇ ਇਸਰਾਈਲ ਦੇ ਦਖਲ ਦੀ ਸੰਭਾਵਨਾ ਵਧਦੀ ਗਈ। ਇਹ ਕੇਵਲ ਲਿਬਨਾਨ ਦੇ ਲਈ ਹੀ ਨਹੀਂ ਸਗੋਂ ਸਾਰੇ ਅਰਬਾਂ ਲਈ ਚਿੰਤਾ ਬਣ ਗਈ। ਸੀਰੀਆ ਦੇ ਰਾਸ਼ਟਰਪਤੀ ਹਾਫਜ ਅਸਦ ਨੇ ਚਿਤਾਵਨੀ ਦਿਤੀ।

ਸੀਰੀਆ ਦੇ ਪ੍ਰਯਤਨਾਂ ਨੂੰ ਦੇਖਦਿਆਂ ਅਮਨ ਦੀ ਕੁਝ ਆਸ ਬੱਝੀ ਸੀ, ਪਰ ਦੋਬਾਰਾ ਘਰੇਲੂ ਜੰਗ ਆਰੰਭ ਹੋਣ ਨਾਲ ਸੀਰੀਆ ਦੀਆਂ ਫੌਜਾਂ ਬਾਕਾਇਦਾ ਲਿਬਨਾਨ ਵਿਚ ਦਾਖਲ ਹੋ ਗਈਆਂ ਅਤੇ ਕਈ ਥਾਵਾਂ ਤੇ ਕਬਜ਼ਾ ਕਰ ਲਿਆ। ਜਿਸ ਕਾਰਣ ਸਮਸਿਆ ਹੋਰ ਪੇਚੀਦਾ ਬਣ ਗਈ ਤੇ ਬਹੁਤ ਸਾਰੀਆਂ ਉਲਝਣਾਂ ਪੈਦਾ ਹੋ ਗਈਆਂ।

ਇਸੇ ਹੀ ਦੌਰਾਨ ਅਮਰੀਕੀ ਰਾਜਦੂਤ ਅਤੇ ਉਸ ਦੇ ਆਰਥਿਕ ਸਲਾਹਕਾਰ ਦੀ ਹਤਿਆ ਕਰ ਦਿਤੀ ਗਈ। ਪਰ ਅਮਰੀਕਾ ਕਿਉਂਕਿ ਸੀਰੀਆਈ ਦਖਲ ਤੇ ਖੁਸ਼ ਸੀ ਇਸ ਲਈ ਚੁੱਪ ਰਿਹਾ।

ਫਲਸਤੀਨੀਆਂ ਨੇ ਸੀਰੀਆਈ ਦਖਲ 'ਤੇ ਨਿਰਾਸ਼ ਹੋ ਕੇ ਰਵਈਆ ਬਦਲ ਦਿਤਾ। ਉਸ ਨੇ ਅਮਰੀਕੀ ਰਾਜਦੂਤ ਦੇ ਕਾਤਲ ਲਭਣ ਵਿਚ ਬੜੀ ਤੱਤਪਰਤਾ ਦਿਖਾਈ ਅਤੇ ਸੰਜਮ ਨਾਲ ਕੰਮ ਲੈਣਾ ਆਰੰਭ ਦਿਤਾ।

ਅਰਬ ਸ਼ਾਂਤੀ ਸੈਨਾ ਲੀਬੀਆ, ਯੁਗਾਂਡਾ, ਅਲਜੀਰੀਆ ਅਤੇ ਕੁਝ ਹੋਰ ਮੁਲਕਾਂ ਦੇ ਪ੍ਰਯਤਨਾਂ ਨਾਲ ਲਿਬਨਾਨ ਵਿਚ ਪਿਛਲੇ ਕੁਝ ਅਰਸੇ ਵਿਚ ਅਨੇਕਾਂ ਵਾਰ ਜੰਗਬੰਦੀ ਕਰ ਚੁਕੀ ਹੈ। ਯਾਨੀ ਔਸਤਨ ਹਰ ਦਿਨ ਬਾਅਦ ਜੰਗਬੰਦੀ ਦਾ ਐਲਾਨ ਹੁੰਦਾ ਹੈ ਅਤੇ ਜੰਗਬੰਦੀ ਪੂਰੇ ਤੌਰ ਤੇ ਲਾਗੂ ਹੋਣ ਤੋਂ ਪਹਿਲਾਂ ਹੀ ਗੋਲਾਬਾਰੀ ਅਤੇ ਹਿੰਸਾ ਦੀਆਂ ਕਾਰਵਾਈਆਂ ਆਰੰਭ ਹੋ ਜਾਂਦੀਆਂ ਹਨ। ਅਸਲ ਵਿਚ ਇਕ ਪਾਸੇ ਤਾਂ ਕੁਝ ਮੁਲਕ ਲਿਬਨਾਨ ਵਿਚ ਏਕਤਾ ਅਤੇ ਧਰਮ-ਨਿਰਪੱਖਤਾ ਕਾਇਮ ਹੋਇਆ ਚਾਹੁੰਦੇ ਹਨ, ਪਰ ਦੂਜੇ ਪਾਸੇ ਕੁਝ ਉਸਨੂੰ ਫਿਰਕੂ ਬਿਨਾ ਤੇ ਵੰਡਿਆ ਚਾਹੁੰਦੇ ਹਨ। ਇਕ ਅਨੋਖੀ ਗਲ ਇਹ ਵੀ ਹੈ ਕਿ ਉਪਰੋਂ ਸ਼ਾਂਤੀ ਦੀ ਦੁਹਾਈ ਦੇਣ ਵਾਲੇ ਕੁਝ ਦੇਸ਼ ਅੰਦਰ ਹੀ ਅੰਦਰ ਲਿਬਨਾਨ ਦੇ ਵਖ ਵਖ ਗੁਟਾਂ ਨੂੰ ਸਹਾਇਤਾ ਪੁਚਾ ਰਹੇ ਹਨ। ਅਤੇ ਇਕ-ਦੂਜੇ ਨੂੰ ਨੀਵਾਂ ਵਖਾਉਣ ਦਾ ਮੌਕਾ ਹਥੋਂ ਖੋਣਾ ਨਹੀਂ ਚਾਹੁੰਦੇ। ਮਿਸਰ ਅਤੇ ਸੀਰੀਆ, ਸੀਰੀਆ ਅਤੇ ਇਰਾਕ ਤੇ ਮਿਸਰ ਅਤੇ ਲੀਬੀਆ ਦੇ ਮੋਟੇ ਮੂੰਹ ਲਿਬਨਾਨ ਵਿਚ ਆਪਣਾ ਰੰਗ ਵਿਖਾ ਰਹੇ ਹਨ। ਇਹਨਾਂ ਹੀ ਕਾਰਨਾਂ ਕਰਕੇ ਇਕ ਸਾਜਸ਼ ਅਨੁਸਾਰ ਉਥੋਂ ਦੇ ਖੱਬੇ ਪੱਖੀ ਮੁਸਲਮਾਨਾਂ ਦੇ ਹਰਮਨ ਪਿਆਰੇ ਨੇਤਾ ਕਮਾਲ ਜੁੰਬਲਾਟ ਦੀ ਵੀ ਹਤਿਆ ਕਰਵਾ ਦਿਤੀ ਗਈ ਸੀ। ਪਿਛਲੇ 14 ਸਾਲਾ ਤੋਂ ਲਿਬਨਾਨ ਜਲ ਰਿਹਾ ਹੈ। ਉਥੇ ਸ਼ਹਿਰੀ ਸਹੂਲਤਾਂ ਸਮਾਪਤ ਹੋ ਚੁਕੀਆਂ ਹਨ। ਬੇਰੂਤ ਅਤੇ ਹੋਰ ਅਨੇਕਾਂ ਸ਼ਹਿਰ ਤਬਾਹ ਹੋ ਰਹੇ ਹਨ—ਸਾਰੇ ਸੰਪਰਕ ਟੁਟ ਗਏ ਹਨ। ਲਿਬਨਾਨੀ ਸ਼ਹਿਰੀ ਹਰ ਵੇਲੇ ਖਤਰੇ ਅਤੇ ਭੈ ਵਿਚ ਜਿਊ ਰਿਹਾ ਹੈ। ਅਜਿਹੀ ਹਾਲਤ ਵਿਚ ਹਰ ਗਆਂਢੀ ਦੇਸ਼ ਤਮਾਸ਼ਾ ਵੇਖਣ ਜੇਹੀ ਹਾਲਤ ਵਿਚ ਹੈ। ਤਾਂਕਿ ਲਿਬਨਾਨ 1860 ਦਾ ਉਹ ਇਤਿਹਾਸ ਦੁਹਰਾਏਗਾ ਜਦੋਂ ਭਿਆਨਕ ਘਰੇਲੂ ਜੰਗ ਕਾਰਣ ਯੂਰਪ ਦੇ ਸਤ ਦੇਸ਼ਾਂ ਨੇ ਉਥੇ ਦਖਲ ਦਿਤਾ ਸੀ ਅਤੇ ਬਾਦ ਵਿਚ ਇਤਹਾਦੀ ਸਭਾ ਨੇ ਫਰਾਂਸ ਨੂੰ ਪ੍ਰਬੰਧਕੀ ਅਧਿਕਾਰ ਦੇ ਦਿਤੇ ਸੀ ? ਕੀ ਲਿਬਨਾਨ ਵਾਸੀ ਖੁਦ ਹੀ ਖੁਸ਼ਹਾਲ ਧਰਮ ਨਿਰਪੱਖ ਲੋਕ ਤੰਤਰ ਵਲ ਨੂੰ ਪਰਤ ਸਕਣਗੇ ਜਾ ਉਹਨਾਂ ਦੀ ਹਾਲਤ ਆਪਣੇ ਇਥੇ ਵਸੇ ਲਖਾਂ ਫਿਲਸਤੀਨੀ ਸ਼ਰਨ ਰਥੀਆਂ ਤੋਂ ਵੀ ਬਦਤਰ ਹੁੰਦੀ ਚਲੀ ਜਾਵੇਗੀ ? ਭਵਿਖ ਤਾਂ ਏਹਨਾਂ ਸਵਾਲਾਂ ਦਾ ਜਵਾਬ ਦੇਵੇਗਾ ਹੀ ਪਰ ਉਸ ਭਵਿਖ ਦੀ ਉਡੀਕ ਕੀ ਹੁਣ ਬੇਹੱਦ ਨਿਰਮੂਲ ਨਹੀਂ ਹੋ ਗਈ ਹੈ ? ਹੁਣ ਇਹ ਗੱਲ ਪਹਿਲਾਂ ਤੋਂ ਵੀ ਜਿਆਦਾ ਸਪਸ਼ਟ ਹੋ ਗਈ ਹੈ ਕਿ ਲਿਬਨਾਨ ਦੀ ਸਮਸਿਆ ਖੁਦ ਲਿਬਨਾਨੀ ਹੀ ਸੁਲਝਾ ਸਕਦੇ ਹਨ ਕਿਸੇ ਵੀ ਬਾਹਰਲੇ ਦਖਲ ਨਾਲ ਹੋਰ ਵੀ ਤਬਾਹੀ ਦੀ ਸੰਭਾਵਨਾ ਹੋ ਸਕਦੀ ਹੈ।

ਪਰ ਅਸਲੀਅਤ ਇਹ ਹੈ ਕਿ ਫਲਸਤੀਨੀਆਂ ਦੇ ਮਾਮਲੇ ਨੂੰ ਅੱਖੋਂ ਉਹਲੇ ਕਰਕੇ ਪਛਮੀ ਏਸ਼ੀਆ ਵਿਚ ਕਦੇ ਅਮਨ ਨਹੀਂ ਕੀਤਾ ਜਾ ਸਕਦਾ। ਕਿਸੇ ਦੇ ਘਰੇਲੂ ਮਾਮਲਿਆਂ ਵਿਚ ਦਖਲ ਦੇਣਾ ਨਿਸ਼ਚੇ ਹੀ ਸਹੀ ਨਹੀਂ ਹੈ।

(ਸਰਵਣ ਸਿੰਘ 'ਬੀਰ')
ਨੇੜੇ ਕਿਲਾ ਦਰਵਾਜ਼ਾ
ਬਠਿੰਡਾ।


CALL US FIRST

IATA **Express Internationl Travel (1986) Ltd.**

Authorised Agents for All Majo Airlines of the World.

ਧਮਾਕੇਦਾਰ ਸੇਲ ਲੱਗ ਗਈ ਹੈ।

ਸਿੰਘਾਪੁਰ $1000. ਟਰਾਂਟੋ $249 RT. ਕੈਲਗਰੀ $164

ਹਾਂਗਕਾਂਗ $870 RT ਇੰਗਲੈਂਡ $518 Return ਐਡਮੰਟਨ $182

- ਸਾਡੇ ਕੋਲ ਸਪੈਸ਼ਲ ਇੰਮੀਗਰੈਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।
- ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।
- ਇੱਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇੰਸ਼ੋਰੈਂਸ Free ਦਿੱਤੀ ਜਾਵੇਗੀ
- ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਤੇ ਹਰ ਕੌਨੇ ਵਿਚ ਸਪੈਸ਼ਲ ਸਰਵਿਸ
- ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ


AJIT KANG

5787 Victoria Drive, Vancouver, B.C. V5P 3W5 **Ph. 321-8777**

**2nd class Mail Reg. No. 6794**
**Monthly Magazine**

**To**

**The lokta**
**P.O.Box 67534 STN.'O'**
**VANCOUVER, B.C. V5W 3T9**




# SHAN SAREES & DRAPERY LTD.

ਪੰਜਾਬੀ ਮਾਰਕਿਟ ਵਿੱਚ ਆਉਣ ਸਮੇਂ ਹੋਰ ਛਾਂਗੀਆਂ ਗਈਆਂ ਕੀਮਤਾਂ ਤੇ ਨਵੇਂ ਪੁੱਜੇ ਮਾਲ ਨੂੰ ਦੇਖੇ ਬਗੈਰ ਨਾ ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਉਣ ਦੇ ਮੁਫ਼ਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਕੁਝ ਨਾ ਕੁਝ
ਜ਼ਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ਼ਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ
ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ਼ ਹਮੇਸ਼ਾ
ਖੁਸ਼ੀ ਮਹਿਸੂਸ ਕਰੇਗਾ।

# ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

**6543 MAIN ST. [BETWEEN 49TH. & 50TH.]**
**VANCOUVER, PH: 321-1955. 321-0847**